ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

ਬਾਬਾ ਦੇਖੈ ਧਿਆਨ ਧਰਿ ਜਲਤੀ ਸਭ ਪ੍ਰਿਥਵੀ ਦਿਸਿ ਆਈ ॥
ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ ॥

NOV 1988

ਨਵੰਬਰ ੧੯੮੮

## ਸਭ ਤੇ ਵਡਾ

ੴ

# ਸਤਿਗੁਰੂ ਨਾਨਕ

## ਜਿਨਿ ਕਲ ਰਾਖੀ ਮੇਰੀ

ਅਖੰਡ ਕੀਰਤਨੀ ਜਥਿਆਂ ਵਲੋਂ ਗੁਰੂ ਨਾਨਕ ਨਿਰੰਕਾਰੀ ਪ੍ਰਕਾਸ਼ ਉਤਸ਼ਵ ਗੁਰਪੁਰਬ
ਜਲੰਧਰ ਵਿਖੇ 21 ਤੋਂ 24 ਨਵੰਬਰ ਸਵੇਰ ਤਕ ਮਨਾਇਆ ਜਾ ਰਿਹਾ ਹੈ ।

www.AKJ.Org

# ਤਤਕਰਾ


| | | |
|---|---|---|
| ਗੁਰਮੁਖਿ ਕਲਿ ਵਿਚਿ ਪਰਗਟ ਹੋਆ | ੩ | ਭਾਈ ਗੁਰਦਾਸ ਜੀ |
| 'ਸੁਣਿਐ' ਤੇ 'ਮੰਨੇ' ਦੀਆਂ ਪਉੜੀਆਂ ਦਾ ਟੀਕਾ ਅਤੇ ਟਿਪਣੀ (੫) | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸਭ ਤੇ ਵਡਾ ਸਤਿਗੁਰੁ ਨਾਨਕੁ | ੧੩ | ,, ,, ,, |
| ਮਿਟੀ ਧੁੰਧ ਜਗਿ ਚਾਨਣੁ ਹੋਆ | ੧੫ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਗੁਰੂ ਨਾਨਕ ਤੇ ਭਾਈ ਲਾਲੋ | ੧੮ | ਭਾ: ਨਰੈਣ ਸਿੰਘ ਜੀ ਐਮ. ਏ. |
| ਗੁਰੂ ਨਾਨਕ-ਸੰਦੇਸ਼ ਦਾ ਪ੍ਰਕਾਸ਼ | ੨੩ | ਡਾਕਟਰ ਤਾਰਨ ਸਿੰਘ ਜੀ |
| ਸ਼ਖ਼ਸੀ ਪੂਜਾ | ੨੪ | ਡਾਕਟਰ ਮਹਿੰਦਰ ਸਿੰਘ ਜੀ |
| ਥੰਮੈ ਕੋਇ ਨ ਸਾਧ ਬਿਨੁ | ੩੩ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਗੁਰੂ ਨਾਨਕ ਦੀ ਸਿੱਖੀ (ਗ਼ਜ਼ਲ) | ੩੬ | ਸ: ਉਜਾਗਰ ਸਿੰਘ ਉਲਫਤ |
| ਧਰਮ ਦੇ ਵਾਰਸੋ ! ਸਮਝੋ !! | ੩੭ | 'ਸੂਰਾ' ਪਰਵਾਰ |


ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਗੁਰਿਆਈ ੨ ਨਵੰਬਰ — ਸ੍ਰੀ ਗੁਰੂ ਹਰਿ ਰਾਏ ਸਾਹਿਬ ਜੋਤੀ ਜੋਤਿ ੨ ਨਵੰਬਰ

ਸ੍ਰੀ ਗੁਰੂ ਗ੍ਰੰਥ ਸਾਹਿਬ ਗਦੀ ਨੰਦੇੜ ੧੧ ਨਵੰਬਰ — ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ੧੪ ਨਵੰਬਰ

ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਧਾਰਿਆ ੨੩ ਨਵੰਬਰ

## ਸੂਰਾ ਮਾਸਕ ਪੱਤਰ ਨੂੰ ਪ੍ਰਾਪਤ ਸਹਾਇਤਾ

| | | | |
|---|---|---|---|
| ਬੀਬੀ ਕੁਲਦੀਪ ਕੌਰ, ਦਿਲੀ | | ਸਰਦਾਰ ਜੀ ਦੀ ਯਾਦ ਵਿਚ | ੫੧-੦੦ |
| ਸ: ਗੁਰਚਰਨ ਸਿੰਘ ਐਂਡ ਬ੍ਰਾਦਰਜ਼, ਅਹਿਮਦਾਬਾਦ | | ਪਿਤਾ ਸ: ਹੁਕਮ ਸਿੰਘ ਦੀ ਯਾਦ ਵਿਚ | ੫੦-੦੦ |
| ਗੁਰਦਵਾਰਾ ਸਿਖ ਐਸੋਸੀਏਸ਼ਨ ਮਾਨਚੈਸਟਰ ਯੂ. ਕੇ. | | ਸੂਰਾ ਦੀ ਚੜ੍ਹਦੀ ਕਲਾ ਲਈ | ੬੮੦-੦੦ |
| ਸ: ਪ੍ਰੇਮ ਸਿੰਘ, ਚੰਡੀਗੜ੍ਹ | ੫੦-੦੦ | ਸ: ਜਸਵੰਤ ਸਿੰਘ ਸ਼ਾਂਤ, ਦਿਲੀ | ੧੦੧-੦੦ |
| ਮਾਤਾ ਗੁਰਬਚਨ ਕੌਰ, ਦਾਦੂਪੁਰ | ੬੦-੦੦ | ਬੀਬੀ ਜਸਵੰਤ ਕੌਰ ਸੋਢੀ, ਅਜਮੇਰ | ੧੦੧-੦੦ |
| ਸ: ਕਰਤਾਰ ਸਿੰਘ, ਨਵੀਂ ਦਿਲੀ | ੧੧-੦੦ | ਸ: ਰਣਜੀਤ ਸਿੰਘ, ਯੂ. ਪੀ. | ੧੦੦-੦੦ |
| ਬੀਬੀ ਜੋਗਿੰਦਰ ਕੌਰ, ਦਿਲੀ | ੧੦੦-੦੦ | ਸ: ਅਮਰਜੀਤ ਸਿੰਘ, ਨਵੀਂ ਦਿਲੀ | ੩੧-੦੦ |
| ਸ: ਰਾਜਿੰਦਰ ਸਿੰਘ, ਬਰੇਲੀ | ੫੦੦-੦੦ | ਸ: ਜਵੰਦ ਸਿੰਘ ਚਾਵਲਾ, ਸ਼ਾਹਦਰਾ | ੧੧-੦੦ |
| ਗੁਰੂ ਤੇਗ ਬਹਾਦਰ ਲਾਇਬ੍ਰੇਰੀ, ਗੁੜਗਾਓਂ | ੧੧-੦੦ | ਸ: ਇੰਦਰ ਸਿੰਘ, ਰਾਜਪੁਰਾ | ੧੦੦-੦੦ |
| ਪ੍ਰੋਫੈਸਰ ਗੁਰਮੁਖ ਸਿੰਘ, ਪਟਿਆਲਾ | ੫-੦੦ | ਸ: ਕਿਰਪਾਲ ਸਿੰਘ ਲੁਧਿਆਣਾ | ੧੧-੦੦ |

# ਹੜ੍ਹ-ਪੀੜਤ ਫ਼ੰਡ

ਅਕਤੂਬਰ ੧੯੮੮ ਵਿਚ ਆਏ ਹੜ੍ਹਾਂ ਨੇ ਜ਼ੋਰ ਜ਼ੁਲਮ ਦੀ ਚਕੀ ਵਿਚ ਪੀਤੇ ਜਾ ਰਹੇ ਪੰਜਾਬ ਉਤੇ ਬੜੀ ਵਡੀ ਤਬਾਹੀ ਮਚਾਈ ਹੈ। ਸਾਡੇ ਲਖਾਂ ਵੀਰ-ਭੈਣਾਂ ਆਪਣੀ ਕੁਲੀ, ਗਲੀ ਅਤੇ ਜਲੀ ਤੋਂ ਵਾਂਜੇ ਹੋ ਗਏ ਹਨ। ਉਨ੍ਹਾਂ ਦੀ ਸਾਰ-ਸੰਭਾਲ ਕਰਨਾ ਸਾਡਾ ਧਾਰਮਿਕ ਅਤੇ ਸਮਾਜਿਕ ਫ਼ਰਜ਼ ਹੈ। ਆਓ, ਆਪਣੇ ਫ਼ਰਜ਼ ਦੀ ਪਛਾਣ ਕਰਦੇ ਹੋਏ ਉਨ੍ਹਾਂ ਦੀ ਵਧ ਤੋਂ ਵਧ ਸਹਾਇਤਾ ਕਰੀਏ।

ਅਰੰਭ ਵਿਚ ਅਖੰਡ ਕੀਰਤਨੀ ਜਥੇ ਵਲੋਂ, ੧,੦੦,੦੦੦ (ਇਕ ਲੱਖ) ਰੁਪਏ ਦੇ ਕਰੀਬ ਰਕਮ ਦੇ ਕੰਬਲ ਵੰਡਣ ਲਈ, ਰੀਲੀਫ ਫ਼ੰਡ ਲਈ ਭੇਟਾ ਹਨ। ਇਸ ਕਾਰਜ ਨੂੰ ਜਾਰੀ ਰਖਣ ਲਈ ਸਹਾਇਤਾ ਅਖੰਡ ਕੀਰਤਨੀ ਜਥੇ ਦੇ ਨਾਂ ਤੇ ਭੇਜੀ ਜਾਵੇ।


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੧੧-੮੮ ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬਰ : 43094



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ

ਦੇਸ ੧੫-੦੦

ਇਕ ਪਰਚਾ ੧-੫੦

ਪਰਦੇਸ (ਸਾਰੇ ਦੇਸ)

ਸਾਲਾਨਾ ਚੰਦਾ

ਸਮੁੰਦਰੀ ਡਾਕ ੪੦-੦੦

ਹਵਾਈ ਡਾਕ ੧੦੦-੦੦

Foreign Subscription

Sea Mail 40-00

Air Mail 100-00

ਅਮਾਨਤੀ

ਲਾਈਫ ਮੈਂਬਰ

ਦੇਸ ੧੫੦-੦੦

ਪਰਦੇਸ (ਸਾਰੇ ਦੇਸ)

ਸਮੁੰਦਰੀ ਡਾਕ ੪੦੦-੦੦

ਹਵਾਈ ਡਾਕ ੧੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੨ ਨਵੰਬਰ ੧੯੯੯ ਅੰਕ ੧੧


## ਗੁਰਮੁਖਿ ਕਲਿ ਵਿਚਿ ਪਰਗਟ ਹੋਆ

ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗਿ ਚਾਨਣੁ ਹੋਆ ॥
ਜਿਉ ਕਰਿ ਸੂਰਜੁ ਨਿਕਲਿਆ, ਤਾਰੇ ਛਪੇ ਅੰਧੇਰੁ ਪਲੋਆ ॥
ਸਿੰਘ ਬੁਕੇ, ਮਿਰਗਾਵਲੀ ਭੰਨੀ ਜਾਇ, ਨ ਧੀਰ ਧਰੋਆ ॥
ਜਿਥੈ ਬਾਬਾ ਪੈਰ ਧਰੈ, ਪੂਜਾ ਆਸਣ ਥਾਪਣ ਸੋਆ ॥
ਸਿਧ ਆਸਣ ਸਭ ਜਗਤ ਦੇ, ਨਾਨਕ ਆਦਿ ਮਤੇ ਜੇ ਕੋਆ ॥
ਘਰ ਘਰ ਅੰਦਰਿ ਧਰਮਸਾਲ, ਹੋਵੈ ਕੀਰਤਨੁ ਸਦਾ ਵਿਸੋਆ ॥
ਬਾਬੇ ਤਾਰੇ ਚਾਰ ਚੱਕ, ਨਉਖੰਡ ਪ੍ਰਿਥਵੀ ਸਚਾ ਢੋਆ ॥
ਗੁਰਮੁਖਿ ਕਲਿ ਵਿਚਿ ਪਰਗਟ ਹੋਆ ॥੨੭॥

ਭਾਈ ਗੁਰਦਾਸ ਜੀ, ਵਾਰ ੧




www.AKJ.Org

# 'ਸੁਣਿਐ' ਤੇ 'ਮੰਨੇ' ਦੀਆਂ ਪਉੜੀਆਂ ਦਾ ਟੀਕਾ ਅਤੇ ਟਿਪਣੀ (੫)

[ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

(ਲੜੀ ਜੋੜਨ ਲਈ ਵੇਖੋ 'ਸੂਰਾ' ਅਕਤੂਬਰ ੯੮)

ਗੁਰਬਾਣੀ ਪੀਊ ਦਾਦੇ ਦਾ ਸਾਂਝਾ ਵਿਰਸਾ ਹੈ। ਇਸ ਨੂੰ ਸਮਝਣ ਸਮਝਾਣ ਦਾ ਹਰ ਗੁਰਸਿਖ ਨੂੰ ਹੱਕ ਹੈ। ਪਰ ਵੇਖਣ ਵਿਚ ਆਇਆ ਹੈ ਕਿ ਕੁਝ ਬੁਧੀਜੀਵੀਏ ਗੁਰਬਾਣੀ ਨੂੰ ਕੇਵਲ ਬੁਧੀ ਦੇ ਤਲ ਤੇ ਸਮਝਣ ਦਾ ਜਤਨ ਕਰਦੇ ਹਨ ਤੇ ਫਿਰ ਆਪਣੀ ਚਤੁਰਤਾ ਦੇ ਬਲ ਬੋਤੇ, ਅਗੋਂ ਸਮਝਾਣ ਦਾ ਜਤਨ ਕਰਦੇ ਹਨ। ਸਿਟੇ ਵਜੋਂ ਨਾ ਸਮਝਾਣ ਵਾਲੇ ਦਾ ਜਤਨ ਸਫਲ ਹੁੰਦਾ ਹੈ ਅਤੇ ਨਾ ਅਗੋਂ ਸਮਝਣ ਵਾਲੇ ਦੇ ਪਿੜ ਪਲੇ ਹੀ ਕੁਝ ਪੈਂਦਾ ਹੈ। ਸਗੋਂ ਕਈ ਵਾਰੀ ਸਾਧਕ ਦੇ ਮਨ ਵਿਚ ਕੁਝ ਗਲਤ ਗੰਢਾਂ ਬਝ ਜਾਂਦੀਆਂ ਹਨ, ਜੋ ਉਸ ਨੂੰ ਅਧਿਆਤਮਿਕ ਮਾਰਗ ਤੇ ਚਲਦਿਆਂ ਕਈ ਵਾਰੀ ਰੁਕਾਵਟ ਦਾ ਕਾਰਨ ਬਣ ਜਾਂਦੀਆਂ ਹਨ।

ਗੁਰਬਾਣੀ ਅਨਭਉ-ਪ੍ਰਕਾਸ਼ ਹੈ ਤੇ ਇਸ ਦੀ ਠੀਕ ਸੋਝੀ ਸੁਰਤ ਨੂੰ ਸ਼ਬਦ ਵਿਚ ਜੋੜਿਆਂ ਅਨਭਵ ਦੇ ਤਲ ਉਤੇ ਹੀ ਸੰਭਵ ਹੈ। ਗੁਰਬਾਣੀ ਨੂੰ ਮਨ ਬਚਨ ਕਰਮ ਕਰਕੇ ਗੁਰੂ ਮੰਨਣ ਅਤੇ ਗੁਰੂ ਧਾਰਨ ਕੀਤੇ ਮਗਰੋਂ ਹੀ, ਇਸ ਦੀ ਸੋਝੀ ਹੋ ਸਕਦੀ ਹੈ। ਉਸ ਦਾ ਮੁਢਲਾ ਤੇ ਪ੍ਰਮੁਖ ਸਾਧਨ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੂਰਨ ਜੋਤ-ਜਗੰਨੇ ਪੰਜ ਪਿਆਰਿਆਂ ਤੋਂ ਨਾਮ-ਅੰਮ੍ਰਿਤ ਦੀ ਪ੍ਰਾਪਤੀ ਕਰ ਕੇ ਗੁਰ-ਚਰਨੀ ਲਗਿਆ ਜਾਏ। —ਸੰਪਾਦਕ

ਨਿਜ ਘਰ—

ਤੱਤ-ਨਿਰੰਜਨ-ਜੋਤਿ-ਸਰੂਪ ਹੀ ਜੋਤਿ-ਵਿਗਾਸ-ਤਾਂਘੀ-ਗੁਰਮੁਖਾਂ ਦਾ ਨਿਜ ਘਰ ਹੈ। ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਵਾਲੀ ਗੁਣ-ਸਿਫਤਿ-ਸਾਲਾਹ ਦੁਆਰਾ ਹੀ ਗੁਰਮੁਖਾਂ ਦਾ ਗੁਣਤਾਸ ਗੁਰੂ ਅਕਾਲ ਪੁਰਖ ਦੇ ਨਿਜ ਮਹਿਲਾਂ ਵਿਚ ਵਾਸ ਹੁੰਦਾ ਹੈ। ਗੁਣਤਾਸ ਗੁਰੂ ਅਕਾਲ ਪੁਰਖ ਦੇ ਨਿਜ ਘਰ ਮਹਿਲਾਂ ਦਾ ਨਿਵਾਸ ਸਦ ਨਵ-ਤਨ ਜੋਤਿ-ਵਿਗਾਸਨੀ ਪ੍ਰਭੂ-ਪ੍ਰਾਪਤੀ ਹੈ। ਸ਼ਬਦ-ਗੁਰੂ ਦੇ ਰੰਗਾਂ ਵਿਚ ਰੰਗੇ ਹੋਏ ਨਾਮ-ਵਿਗਾਸੀ-ਗੁਰਮੁਖ ਜਨ ਹੀ ਤ੍ਰੈਗੁਣੀ ਮਾਇਆ-ਮਲ ਤੋਂ ਰਹਿਤ ਨਿਰਲੇਪ ਨਿਰਮਲੇ ਤੁਰੀਆ ਗੁਣੀ ਤਤ-ਬੇਤੇ, ਤਤ-ਲਖਤੇ, ਰੱਬੀ ਬੰਦੇ ਬਣ ਸਕਦੇ ਹਨ। ਤਿਨ੍ਹਾਂ ਵਿਟਹੁ ਗੁਰੂ ਸਾਹਿਬ ਸਦ ਘੋਲ-ਘੁਮਾਏ ਤੁਠ-ਤੁਠਾਏ ਨਦਰੀ ਨਦਰ ਨਿਹਾਲ ਰਹਿੰਦੇ ਹਨ। ਸ਼ਬਦ-ਗੁਰੂ ਗੁਣਤਾਸ ਦੀਆਂ ਸਿਫਤ ਸਾਲਾਹੀ ਨਾਮ ਕਮਾਈਆਂ ਵਾਲੇ ਸੁਹਿਰਦ ਨਾਮ ਪ੍ਰੇਤੇ ਜੋਤਿ ਵਿਗਾਸੀਆਂ ਦੇ ਘਟ ਅੰਦਰ ਸਦਾ ਹੀ ਜੋਤੀ ਸਰੂਪ ਦੀ ਸਮੁੱਚੀ ਜੋਤਿ ਦਾ ਪ੍ਰਕਾਸ਼ ਰਹਿੰਦਾ ਹੈ। ਗੁਣੀ ਗੁਣਤਾਸ ਦੇ ਸਿਫਤ ਸਾਲਾਹੀ ਗੁਣ ਜਿਨ੍ਹਾਂ ਗੁਰਮੁਖਾਂ ਦੇ ਮਨ ਵਿਚ ਵਸਦੇ ਹਨ, ਤਿਨ੍ਹਾਂ ਦੇ ਅੰਤਰ ਆਤਮੇ ਜੋਤਿ ਸਰੂਪੀ ਗੁਣੀ ਗੁਣਤਾਸ ਵਾਹਿਗੁਰੂ ਦਾ ਹੀ ਵਿਗਾਸ ਹੈ।

ਜੋ ਗੁਣੀ ਗੁਣਤਾਸ ਦੇ ਗੁਣਾਂ (ਰੱਬੀ ਗੁਣਾਂ) ਤੋਂ ਵਾਂਝੇ ਹੋਏ ਹਨ, ਤਿਨ੍ਹਾਂ ਵਿਚ ਤ੍ਰੈਗੁਣੀ ਗੁਣ ਭੀ ਜੋ ਹਨ, ਸੋ ਅਉਗੁਣ ਰੂਪ ਹੀ ਹਨ, ਜੋ ਉਨ੍ਹਾਂ ਨੂੰ ਗੁਣੀ ਗੁਣਤਾਸ ਵਲ ਨਹੀਂ ਲਗਣ ਦਿੰਦੇ। ਤਿਨ੍ਹਾਂ ਅਵਗੁਣ-ਵੰਤਿਆਂ ਤੋਂ ਗੁਣੀ ਗੁਣਤਾਸ ਪ੍ਰਭੂ ਸਦਾ ਹੀ ਦੂਰ ਰਹਿੰਦਾ ਹੈ। ਅਜਿਹੇ ਗੁਣਾਂ ਤੋਂ ਬਾਹਰੇ ਮਨਮੁਖ ਨਾਮ ਬਿਹੂਣ ਸਦਾ ਲਈ ਸਦਾ ਹੀ ਝੂਰ ਝੂਰ ਮਰਦੇ ਹਨ।

ਜਿਨਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ ॥ [ਸੂਹੀ ਮਹਲਾ ੫, ਪੰਨਾ ੭੬੧

ਵਾਲੇ ਗੁਰਵਾਕ ਅੰਦਰ ਦਰਸਾਈ ਦਸ਼ਾ ਹੀ ਤਿਨ੍ਹਾਂ ਦੀ ਰਹਿੰਦੀ ਹੈ। ਤ੍ਰੈਗੁਣੀ ਗੁਣਾਂ ਦੀ ਲਿਬੇੜ ਦੂਜੇ ਭਾਵ ਦੀ ਦੁਕ੍ਰਿਤ ਮਤ ਹੈ। ਭਾਵੇਂ ਕਿਡੀ ਹੀ ਉੱਚੀ ਸਹਿਸ ਸਿਆਣਪੀ ਮਤ ਹੋਵੇ, ਸੰਸਾਰ ਭਰ ਦੀਆਂ ਸਾਇੰਸ ਫ਼ਿਲਾਸਫੀਆਂ ਸਭ ਦੁਰਜਨ ਦੁਹੇਲੜੀਆਂ ਮਤਾਂ ਹਨ, ਜੋ ਸੰਸਾਰੀ ਪੁਰਸ਼ਾਂ ਨੂੰ ਕਦੇ ਵੀ ਨਾਮ ਵਲ ਨਹੀਂ ਲਗਣ ਦਿੰਦੀਆਂ। ਏਹਨਾਂ ਦੀਆਂ ਜੋਗ-ਧਿਆਨ-ਫ਼ਿਲਾਸਫੀਆਂ ਸਭ ਦੂਜੇ ਭਾਵ ਦੀਆਂ ਕੁਮੱਤੜੀਆਂ ਹੀ ਹਨ। ਸ਼ਬਦ ਗੁਰੂ ਦੁਆਰਾ ਸੁਣੇ ਮੰਨੇ ਤੱਤ-ਗਿਆਨ ਬਿਨਾਂ ਭਲਾ ਲਿਵ-ਧਿਆਨ ਕਿਥੇ ?



www.AKJ.Org

ਸਿਰੀ ਜਪੁਜੀ ਸਾਹਿਬ ਦੀ ਬਾਣੀ ਦੇ ਟੀਕਾਕਾਰ ਜੀ "ਮੰਨੇ" ਦੀਆਂ ਪਉੜੀਆਂ ਦਾ ਟੀਕਾ ਕਰਨ ਤੋਂ ਪਹਿਲਾਂ 'ਨਾਮ ਮੰਨਣ' ਦੀ ਤਾਰੀਫ਼ (definition) ਇਉਂ ਕਰਦੇ ਹਨ : "ਨਾਮ ਨੂੰ ਮੰਨਣਾ ਕੀ ਹੈ ? ਜੋ ਗਿਆਨ ਤੁਰੀਆ ਦੇ ਸੰਜੋਗ ਤੋਂ ਪ੍ਰਾਪਤ ਹੋਇਆ ਹੈ, ਜਾਗ੍ਰਤ ਅਵਸਥਾ ਵਿਚ ਉਸ ਨੂੰ ਵਰਤਣਾ ਨਿਰਾ ਸਮ-ਦ੍ਰਿਸ਼ਟੀ ਹੀ ਨਹੀਂ ਹੋਣਾ, ਸਮ-ਵਰਤੀ ਭੀ ਹੋਣਾ।" ਤੁਰੀਆ ਵਿਚ ਜੋ ਗਿਆਨ ਟੀਕਾਕਾਰ ਜੀ ਆਪਣੇ ਪਿਛਲੇ ਕਥਨ ਅਨੁਸਾਰ ਦਸਦੇ ਹਨ, ਕੀ ਓਹ ਸੁਪਨੇ ਵਿਚ ਹੀ ਹੋਇਆ ਹੈ ਜਿਸ ਨੂੰ ਜਾਗ੍ਰਤ ਵਿਚ ਵਰਤਣਾ ਹੈ। ਹੁਣ ਤੁਰੀਆ ਦੇ ਸੰਜੋਗ ਤੋਂ ਕਿਹੜਾ ਗਿਆਨ ਪ੍ਰਾਪਤ ਹੋਇਆ ਹੈ ? ਅਤੇ ਕਿਵੇਂ ਪ੍ਰਾਪਤ ਹੋਇਆ ਹੈ ? ਉਸ਼ ਨੂੰ ਤਾਂ ਨਿਖਾਰ ਕੇ ਅਤੇ ਨਿਰਣਾ ਕਰ ਕੇ ਏਥੇ ਨਹੀਂ ਦਸਿਆ। ਜੋ ਕੁਛ ਪਿਛੇ ਦਸਿਆ ਹੈ ਓਹ ਗਿਆਨ ਤਾਂ ਮਹਿਜ਼ ਏਤਨਾ ਹੀ ਹੈ ਕਿ ਤੁਰੀਆ ਵਿਚ ਪਹੁੰਚ ਕੇ (ਓਹਨਾਂ ਦੇ ਦਸੇ ਗਿਆਨ ਅਨੁਸਾਰ) ਨਾਮ ਦੀ ਧੁਨੀ ਸੁਣਦੀ ਹੈ, ਯਾ ਉਹਨਾਂ ਦੇ ਆਪਣੇ ਲਫ਼ਜ਼ਾਂ ਵਿਚ ਜੋ ਕੁਛ ਓਥੇ ਸੁਣਦਾ ਹੈ, ਓਹ ਨਾਮ ਹੈ। ਪਰ ਉਸ ਤੁਰੀਆ ਵਿਚ ਪਹੁੰਚ ਜੋ ਹੁੰਦੀ ਹੈ, ਸੋ ਉਹਨਾਂ ਦੇ ਦਸੇ ਅਨੁਸਾਰ ਇਮੈਜੇਨਰੀ ਮੈਡੀਟੇਸ਼ਨ ਵਾਲੀ ਮਗਜ਼ੌਲੀ ਮਾਰ ਕੇ (ਮਗਜ਼-ਖਪਾਈ ਕਰ ਕੇ) ਹੀ ਹੁੰਦੀ ਹੈ। ਮਗਜ਼ੌਲੀ ਮਾਰ ਕੇ ਤੁਰੇ ਤਾਰ ਹੋਈ ਤੁਰੀਆ ਅਵਸਥਾ ਐਵੇਂ ਇਕ ਇਮੈਜੇਨਰੀ (ਖਿਆਲੀ) ਅਵਸਥਾ ਹੀ ਹੈ। ਏਸ ਇਮੈਜੇਨਰੀ ਤੁਰੀਆ ਅਵਸਥਾ ਵਿਚ ਸੁਣਿਆ ਨਾਮ ਭੀ ਇਮੈਜੇਨਰੀ (ਖਿਆਲੀ) ਨਾਮ ਹੀ ਹੈ ਅਤੇ ਇਸ ਇਮੈਜੇਨਰੀ ਨਾਮ ਦੇ ਸੁਣਨ ਵਾਲਾ ਗਿਆਨ (ਜੋ ਓਹ ਤੁਰੀਆ ਵਿਚ ਪ੍ਰਾਪਤ ਹੋਇਆ ਦਸਦੇ ਹਨ) ਭੀ ਇਮੈਜੇਨਰੀ ਗਿਆਨ ਹੀ ਹੈ। ਇਸ਼ ਇਮੈਜੇਨਰੀ ਅਵਸਥਾ ਵਾਲੇ ਗਿਆਨ ਨੂੰ ਤੁਰੀਆ ਅਵਸਥਾ ਵਾਲਾ ਗਿਆਨ ਦਸਣਾ ਤਾਂ ਟੀਕਾਕਾਰ ਗਿਆਨਵਾਨ ਦੀ ਕਸਰ-ਨਫ਼ਸੀ ਹੈ। ਵਾਸਤਵ ਵਿਚ ਇਹ ਤੁਰੀਆ ਅਵਸਥਾ ਵਾਲਾ ਗਿਆਨ ਨਹੀਂ। ਤੁਰੀਆ ਅਵਸਥਾ ਵਾਲਾ ਤੱਤ ਗਿਆਨ ਤਾਂ ਗੁਰਮਤਿ ਅਨੁਸਾਰ ਨਾਮ ਸੁਣਨ ਮੰਨਣ ਦੇ ਤੁਫ਼ੈਲ ਪ੍ਰਾਪਤ ਹੋਣਾ ਹੈ, ਪਰ ਜਿਸ ਤੁਰੀਆ ਅਵਸਥਾ ਵਿਚ ਪਹੁੰਚ ਕੇ ਹੀ ਨਾਮ ਸੁਣਿਆ ਜਾਣਾ ਹੈ, ਉਹ ਤੁਰੀਆ ਅਵਸਥਨੀ ਗਿਆਨ ਭੀ ਇਕੋ ਨਾਮ ਦੇ ਜ਼ਰੀਏ ਪ੍ਰਾਪਤ ਹੋਇਆ ਵਿਆ ਗਿਆਨ ਨ ਹੋਇਆ, ਕਿਸੇ ਹੋਰ ਜ਼ਰੀਏ ਪ੍ਰਾਪਤ ਹੋਇਆ ਵਿਆ ਗਿਆਨ ਹੀ ਗਿਣਿਆ ਜਾਊ, ਜਿਸ ਦਾ ਗੁਰਮਤਿ ਅੰਦਰ ਵਿਧਾਨ ਨਹੀਂ। ਹੋਰ ਜ਼ਰੀਆ ਜੋ ਇਸ ਗਿਆਨ-ਪ੍ਰਾਪਤੀ ਦਾ ਟੀਕਾਕਾਰ ਗਿਆਨਵਾਨ ਜੀ ਨੇ ਗਿਆਨਿਆ ਹੈ, ਓਹ ਸਿਰਫ਼ ਮੈਡੀਟੇਸ਼ਨੀ ਸੋਚ ਵਿਚਾਰ ਯਾ ਕਨਸੈਂਟ੍ਰੇਸ਼ਨੀ ਜੋਗ ਜੁਗਾਰ ਹੈ ਤੇ ਜਿਸਦਾ ਗੁਰਮਤਿ ਅੰਦਰ ਪੂਰਾ ਪੂਰਾ ਖੰਡਨ ਹੈ। ਸੋ ਇਸ ਇਮੈਜੇਨਰੀ ਸੁਪਨ ਸਾਰਖੀ ਅਵਸਥਾ ਵਾਲੇ ਗਿਆਨ ਨੂੰ ਜਾਗ੍ਰਤ ਅਵਸਥਾ ਵਿਚ ਵਰਤਣ ਦੇ ਕੀ ਅਰਥ ਹੋ ਸਕਦੇ ਹਨ ? ਜੋ ਕੁਛ ਖਿਆਲੀ ਖੋਜ਼ ਵਿਚ ਯਾ ਸੁਪਨ ਸਾਰਖੀ ਸੁਪਨੋਜ ਯਾ ਸੁਣੀ ਸੁਣਾਈ ਦਸਮ ਦੁਆਰੀ ਸ਼ੁਨਵੋਜ ਵਿਚ ਜੋ ਕੁਛ ਸੁਣਿਆ ਪੇਖਿਆ ਜਾਏ, ਓਸ ਖੋਜ, ਸੁਪਨੋਜ ਯਾ ਸ਼ੁਨਵੋਜ ਨੂੰ ਜਾਗ੍ਰਤ ਵਿਚ ਵਰਤਿਆਂ ਕੀ ਸੁਖੇਹਤਾ ਹੋ ਜਾਊ ? ਕੀ ਸੁਪਨ ਅਵਸਥਾ ਯਾ ਫ਼ਰਜ਼ੀ ਤੁਰੀਆ ਅਵਸਥਾ ਦੇ ਫ਼ਰਜ਼ੀ ਗਿਆਨ ਦੀ ਕਸੌਟੀ ਲਾ ਕੇ ਪਰਖਿਆ ਹੋਇਆ ਜਾਗ੍ਰਤ ਅਵਸਥਾ ਵਾਲਾ ਗਿਆਨ, ਤਤ ਗਿਆਨ ਯਾ ਅਮਲੀ ਗਿਆਨ ਬਣ ਜਾਊ ? ਜਿਸ ਦਾ ਨਾਮ ਭਾਵੇਂ ਸਮਵਰਤੀ ਗਿਆਨ ਧਰ ਲਵੋ, ਭਾਵੇਂ ਸਮਦ੍ਰਿਸ਼ਟੀ, ਪਰ ਪਰਨਾਲਾ ਤਾਂ ਥਾਉਂ ਦਾ ਥਾਉਂ ਹੀ ਰਹਿਣਾ ਹੈ। ਭਲਾ ਇਮੈਜੇਨਰੀ ਮੈਡੀਟੇਸ਼ਨ ਦੁਆਰਾ ਫ਼ਰਜ਼ੀ ਤੁਰੀਆ ਅਵਸਥਾ ਵਿਚ ਪਹੁੰਚ ਕੇ ਸੁਣੇ ਨਾਮ ਵਾਲਾ ਗਿਆਨ ਕਿਵੇਂ ਸਮਦ੍ਰਿਸ਼ਟੀ ਗਿਆਨ ਕਹਾਊ ? ਅਤੇ ਇਸ ਸਮਦ੍ਰਿਸ਼ਟੀ ਗਿਆਨ ਨੂੰ ਜਾਗ੍ਰਤ ਵਿਚ ਵਰਤਣ ਨਾਲ ਉਕਤ ਸੁਪਨੰਤਰੀ ਅਸਤਿ ਅਤੇ ਵਹਿਮ ਗੁਮਾਨੀ ਗਿਆਨ ਕਿਵੇਂ ਤੱਤ ਗਿਆਨ ਬਣ ਜਾਊ ? ਇਹ ਸਾਰੀ ਲਾਜਕ (ਨਯਾਯ) ਸਰਾਸਰ ਫ਼ੈਲਸੀਆਂ (ਖਾਮੀਆਂ) ਦੀ ਭਰੀ ਹੋਈ ਹੈ। ਜੇ ਤਾਂ ਕਹਿਣ ਮਾਤਰੀ ਤੁਰੀਆ ਅਵਸਥਾ ਵਿਚ ਸੁਣਿਆ ਨਾਮ ਜਾਗ੍ਰਤ ਅਵਸਥਾ ਸਮੇਂ ਜਪਿਆ ਅਭਿਆਸਿਆ ਜਾਵੇ, ਤਦ ਤਾਂ ਸਮਝ ਵੀ ਲਿਆ ਜਾ ਸਕਦਾ ਹੈ ਕਿ ਸਮਦ੍ਰਿਸ਼ਟੀਆ ਗਿਆਨ ਵਰਤੋਂ ਵਿਚ ਆ ਗਿਆ ਅਤੇ ਸਮਵਰਤੀਆ ਗਿਆਨ ਬਣ ਗਿਆ। ਪਰ ਜੇ ਉਸ ਨਾਮ ਨੂੰ ਜਾਪ ਅਭਿਆਸ ਵਿਚ ਲਿਆ ਕੇ ਵਰਤਣਾ ਹੀ ਨਹੀਂ, ਤਾਂ ਤਿਸ਼ ਸੁਣੇ ਨਾਮ ਦੀ ਕਿਆਸੀ ਸਮ-ਵਰਤੋਂ ਕੈਸੀ ? ਐਵੇਂ ਸਮਦ੍ਰਿਸ਼ਟੀ ਤੇ ਸਮ-ਵਰਤੀ ਦੇ ਫੋਕਟ ਨਾਮ ਹੀ ਫੋਕੇ ਗਿਆਨਵਾਨਾਂ ਜੁ ਧਰ ਲਏ ਹਨ। ਤਾਂ ਤੇ ਟੀਕਾਕਾਰ ਜੀ ਨੇ ਜੋ ਨਾਮ ਸੁਣਨ



www.AKJ.Org

ਨਾਲੋਂ ਨਾਮ ਮੰਨਣ ਦਾ ਵਾਧਾ ਵਿਖਾਇਆ ਹੈ, ਇਹ ਵਾਧਾ ਸਿਧ ਤਾਂ ਨਾ ਹੋਇਆ, ਐਵੇਂ ਉਕਤੀ ਯੁਕਤੀ ਵਾਲੀ ਗਿਆਨ-ਘੋਟ-ਖਰੜ-ਫਿਲਾਸਫੀ ਹੀ ਰਹੀ। ਟੀਕਾਕਾਰ ਜੀ ਆਪਣੀ ਨਿਜ-ਲਾਜੀਸ਼ੀ ਨਾਮ-ਫਿਲਾਸਫੀ ਅਨੁਸਾਰ, ਅਕਾਲ ਪੁਰਖ ਦੀ ਸਰਬ-ਵਿਆਪਕਤਾ ਦੇ ਹੋਂਦ ਦੇ ਅਹਿਸਾਸ ਅਤੇ ਅਨੁਮਾਨ ਨੂੰ ਨਾਮ ਜਪਣਾ ਸਮਝਦੇ ਹਨ। ਪਰ ਇਹ ਅਹਿਸਾਸ ਤੇ ਅਨੁਮਾਨ ਤਾਂ ਓਹਨਾਂ ਦੀ ਕਲਪਤ ਫਿਲਾਸਫੀ ਅਨੁਸਾਰ ਓਦੋਂ ਹੀ ਹੋ ਜਾਣਾ ਹੈ, ਜਦੋਂ ਕਿ ਤੁਰੀਆ ਅਵਸਥਾ ਵਿਚ ਪਹੁੰਚ ਕੇ ਓਹਨਾਂ ਨੇ ਨਾਮ ਸੁਣ ਲਿਆ। ਜੇ ਤੁਰੀਆ ਅਵਸਥਾ ਵਿਚ ਪਹੁੰਚ ਕੇ ਨਾਮ ਸੁਣ ਕੇ ਭੀ ਨਾਮ ਦੀ ਹੋਂਦ ਦਾ ਅਹਿਸਾਸ ਅਨੁਮਾਨ ਨਹੀਂ ਹੁੰਦਾ, ਤਾਂ ਨਾਮ ਮੰਨਣ ਵਾਲੀ ਸਮਵਰਤਨੀ ਹੋਂਦ ਨੂੰ ਅਹਿਸਾਸਣ ਅਤੇ ਅਨੁਮਾਨਣ ਲਈ ਉਹਨਾਂ ਨੂੰ ਤੁਰੀਆ ਤੋਂ ਭੀ ਉਪਰ ਕੋਈ ਹੋਰ ਅਵਸਥਾ ਘੜਨੀ ਯਾ ਫ਼ਰਜ਼ਨੀ ਪਊ। ਇਹ ਸਭ ਘਾੜਾ-ਘਾੜੀ ਦੀਆਂ ਟਪਲੇ-ਬਾਜ਼ੀਆਂ ਹੀ ਹਨ। ਗੁਰਮਤਿ ਅਨੁਸਾਰ ਜਿਥੇ ਨਾਮ ਦੇ ਮੰਨਣ ਨਾਲ:

"ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥"

ਵਾਲੀ ਪਰਮਾਰਥ-ਫਲ-ਘਟਨਾ ਵਰਤ ਜਾਂਦੀ ਹੈ, ਓਥੇ ਨਾਮ ਸੁਣਨ ਨਾਲ:

"ਨਾਇ ਸੁਣਿਐ ਨਉ ਨਿਧਿ ਮਿਲੈ ਮਨ ਚਿੰਦਿਆ ਪਾਵੈ ॥"
"ਨਾਇ ਸੁਣਿਐ ਸਹਜੁ ਉਪਜੈ ...... ...... ...... ॥" [ਪੰਨਾ ੧੨੪੦

ਵਾਲੀ ਬਰਾਬਰ ਦੀ ਘਟਨਾ ਵੀ ਵਰਤਦੀ ਹੈ, ਜਿਥੇ ਨਾਮ ਦੇ ਮੰਨਣ ਕਰ:

"ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨ ਜਾਇ ॥"

ਵਾਲੀ ਪਰਮਾਰਥ ਫਲ-ਦਾਤਨੀ ਫ਼ਜ਼ੀਲਤ ਪ੍ਰਸਿੱਧ ਹੈ, ਓਥੇ:

"ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ ॥"

ਵਾਲੀ ਨਾਮ ਸੁਣਨ ਦੀ ਫਲ-ਸਿਧਾਂਤ-ਸਿਧਨੀ-ਸ੍ਰੇਸ਼ਟਤਾ ਭੀ ਗੁਰਮਤਿ ਅਨਕੂਲ ਹੈ। ਜਿਥੇ: "ਮੰਨੈ ਮਾਰਗਿ ਠਾਕ ਨ ਪਾਇ ॥ ਮੰਨੈ ਪਤਿ ਸਿਉ ਪਰਗਟੁ ਜਾਇ ॥" ਵਾਲੀ ਨਾਮ ਮੰਨਣ ਦੀ ਮਹਿਮਾ ਵਿਦਤ ਹੈ, ਉਥੇ

"ਨਾਨਕ ਨਾਇ ਸੁਣਿਐ ਮੁਖ ਉਜਲੇ" ਤੇ: "ਸੁਣਿਐ ਅੰਧੇ ਪਾਵਹਿ ਰਾਹੁ"

ਵਾਲਾ ਨਾਮ ਸੁਣਨ ਦਾ ਮਹਾਤਮ ਭੀ ਸਪੱਸ਼ਟ ਹੈ।

ਏਹਨਾਂ ਵੰਨਗੀ ਮਾਤਰ ਉਦਾਹਰਨਾਂ ਤੋਂ ਸਿਧ ਹੈ ਕਿ ਗੁਰਮਤਿ ਅੰਦਰ ਤਾਂ 'ਨਾਮ ਸੁਣਨ' ਅਤੇ 'ਨਾਮ ਮੰਨਣ' ਦੀ ਮਹਿਮਾ-ਮਹਾਤਮੀ-ਪ੍ਰਮਾਰਥ-ਪਾਰਸਤਾ ਦੇ ਸਮਸਰੀ ਸਾਂਝੇ ਸਮਾਨ ਸਿਧਾਂਤ ਹਨ।

ਤੁਰੀਆ ਅਵਸਥਾ ਦੀ ਸਮਦ੍ਰਿਸ਼ਟਤਾ ਅਤੇ ਸਮਵਰਤਤਾ ਦੀ ਅਗਾਧ ਬੋਧਨੀ ਬੋਧ ਵਾਲੇ ਟੀਕਾਕਾਰ ਜੀ ਨੇ 'ਸੁਣਿਐ' ਅਤੇ 'ਮੰਨੈ' ਦੀਆਂ ਪਉੜੀਆਂ ਦਾ ਟੀਕਾਕਾਰੀ ਅਰਥ ਬੋਧ ਜਣਾਉਂਦੇ ਹੋਏ, ਇਹਨਾਂ ਪਉੜੀਆਂ ਅੰਦਰ ਆਏ ਸਿਧਾਂਤਾਂ ਤੋਂ 'ਸੁਣਿਐ' ਪਦ ਦੀ ਸਮਦ੍ਰਿਸ਼ਟਤਾ ਅਤੇ 'ਮੰਨੈ' ਪਦ ਦੀ ਸਮਵਰਤਤਾ ਦਾ ਭੇਦ ਕਿਤੇ ਨਹੀਂ ਨਿਖਾਰਿਆ ਅਤੇ 'ਸੁਣਿਐ' ਨਾਲੋਂ 'ਮੰਨੈ' ਦੀ ਸਪੱਸ਼ਟ ਵਿਸ਼ੇਸ਼ਤਾ ਕਿਤੇ ਨਹੀਂ ਦਿਖਲਾਈ। ਨਾ ਹੀ ਇਹ ਗੱਲ ਨਿਖਾਰ ਕੇ ਸਿਧ ਕੀਤੀ ਹੈ ਕਿ ਨਾਮ ਮੰਨਣ ਦੀ ਸਮਵਰਤਤਾ ਦਾ ਭਾਵ ਉਹਨਾਂ ਕੀ ਨਿਰਣਾਇਆ ਹੈ? ਕੁਛ ਭੀ ਨਹੀਂ! ਨਿਰਣਾਉਣ ਤਾਂ ਤਦ, ਜੇ ਸਚ ਮੁਚ ਕੁਛ ਨਿਰਣਾ ਹੋਇਆ ਹੋਵੇ। ਸਭ ਸੁਣੀਆਂ ਸੁਣਾਈਆਂ ਗੱਲਾਂ ਹਨ। ਇਹ ਅਗਲਾ ਗੁਰਵਾਕ ਦਸਦਾ ਹੈ ਕਿ:

ਸੁਣਿ ਸਿਖਿਐ ਸਾਦੁ ਨ ਆਇਓ ਜਿਚਰੁ ਗੁਰਮੁਖਿ ਸਬਦਿ ਨ ਲਾਗੈ ॥
ਸਤਿਗੁਰਿ ਸੇਵਿਐ ਨਾਮੁ ਮਨਿ ਵਸੈ ਵਿਚਹੁ ਭ੍ਰਮੁ ਭਉ ਭਾਗੈ ॥
ਜੇਹਾ ਸਤਿਗੁਰ ਨੋ ਜਾਣੈ ਤੇਹੋ ਹੋਵੈ ਤਾ ਸਚਿ ਨਾਮਿ ਲਿਵ ਲਾਗੈ ॥
ਨਾਨਕ ਨਾਮਿ ਮਿਲੈ ਵਡਿਆਈ ਹਰਿ ਦਰਿ ਸੋਹਨਿ ਆਗੈ ॥ [ਮ: ੩, ਪੰਨਾ ੫੯੦

ਐਵੇਂ ਆਵਾਗਉਣ ਅਨਮਤੀ ਲੋਗਾਂ ਤੋਂ ਰਵਾਂ ਰਵੀਂ ਸੁਣ ਸੁਣਾ ਕੇ ਯਾ "ਕਾਚੇ ਗੁਰ ਤੇ ਮੁਕਤਿ ਨ ਹੂਆ"*

*ਰਾਮਕਲੀ ਮ: ੧ ਦਖਣੀ ਓਅੰਕਾਰੁ (ਪਉੜੀ ੨੧), ਪੰਨਾ ੯੩੨


www.AKJ.Org

ਗੁਰਵਾਕ ਦੇ ਘਟੇ ਭਾਵ ਵਾਲੇ ਕਚਿਆਂ ਡਿੰਭੀ ਮੀਣੇ ਗੁਰੂਆਂ ਤੋਂ ਕਚ-ਪਿਚੀਆਂ ਜੁਗਤਿ-ਬਿਧੀਆਂ ਸਿਖ ਸਿਖਾ ਕੇ ਨਾਮ ਅਭਿਆਸ ਦਾ ਸੁਆਦ ਨਹੀਂ ਆਉਂਦਾ। ਸੁਆਦ ਕਿਵੇਂ ਆਵੇ ? ਨਾਮ ਦੀ ਜਾਣ ਪਛਾਣ ਸਾਰ ਸੁੰਧਕ ਹੀ ਨਹੀਂ ਆ ਸਕਦੀ, ਜਦ ਤਾਈਂ ਗੁਰੂ ਧਾਰ ਕੇ ਨਿਗੁਰਿਓਂ ਸਗੁਰਾ ਬਣ ਕੇ, ਗੁਰੂ ਦੁਆਰਿਓਂ ਗੁਰ-ਦੀਖਿਆ ਪੂਰਨ ਗੁਰਮਤਿ ਬਿਧੀ ਅਨੁਸਾਰ ਲੈ ਕੇ ਕੋਈ ਜਗਿਆਸੂ ਜਨ ਗੁਰਸ਼ਬਦ ਨਾਮ ਵਿਖੇ ਨ ਲਗ ਜਾਵੇ, ਅਰਥਾਤ ਨਾਮ ਅਭਿਆਸ ਕਮਾਈ ਕਰਨ ਵਿਚ ਨਾ ਜੁਟ ਜਾਵੇ। ਸਤਿਗੁਰ ਦਾ ਸੇਵਕ ਸਿਖ ਸ਼ਰਧਾਲੂ ਬਣ ਕੇ ਹੀ ਨਾਮ ਮਨ ਵਿਚ ਵਸਦਾ ਹੈ। ਇਸ ਬਿਧਿ ਸਰਧਾ ਭਾਵਨੀ ਸਹਿਤ ਸਤਿਗੁਰੂ ਦਾ ਸਿਖ ਸੇਵਕ ਬਣ ਕੇ ਜਿਸ ਦੇ ਹਿਰਦੇ ਵਿਚ ਨਾਮ ਵਸ ਜਾਂਦਾ ਹੈ, ਤਿਸੇ ਦਾ ਦੁਬਿਧਾ ਰੂਪੀ ਭਰਮ ਭਉ ਵਿਚਹੁ (ਅੰਤਸ਼ਕਰਣ ਵਿਚਹੁ) ਦੂਰ ਹੁੰਦਾ ਹੈ। ਫੇਰ ਜਿਹੋ ਜੇਹੀ ਸਤਿਗੁਰੂ ਉਤੇ ਜਿਸ ਕਿਸੇ ਦੀ ਸ਼ਰਧਾ-ਭਾਵਨੀ ਹੁੰਦੀ ਹੈ, ਤੇਹਾ ਹੀ ਮਨ-ਬਚ-ਕਰਮ ਕਰਕੇ ਓਹ ਹੋਵੇ, ਤਾਂ ਉਸ ਜਗਿਆਸੂ ਜਨ ਦੀ ਸ ਚੇ ਨਾਮ ਵਿਚ ਲਿਵ ਲਗਦੀ ਹੈ। ਗੁਰੂ ਨਾਨਕ ਸਾਹਿਬ ਜੀ ਸਾਖਾ ਭਰਦੇ ਹਨ ਕਿ ਗੁਰਮਤਿ ਨਾਮ ਦੁਆਰਾ ਹੀ ਇਹ ਵਡਿਆਈ (ਲਿਵਤਾਰ ਬਿਵਸਥਾ ਵਾਲੀ) ਮਿਲਦੀ ਹੈ ਅਤੇ ਅਜਿਹੇ ਲਿਵਤਾਰ ਵਡਿਆਈ ਵਾਲੇ ਗੁਰਮੁਖਿ ਅਭਿਆਸੀ ਜਨ ਹੀ ਅਗੇ ਸਚੀ ਦਰਗਾਹ ਵਿਚ ਗਏ ਸੋਹੰਦੇ ਹਨ।

ਜਿਨ੍ਹਾਂ ਸਚਿਆਰ ਜਗਿਆਸੂ ਜਨਾਂ ਦੀ ਸਤਿਗੁਰ ਉਤੇ ਸੱਚੀ ਸ਼ਰਧਾ-ਭਾਵਨੀ ਹੋ ਆਉਂਦੀ ਹੈ, ਓਹ ਸਤਿਗੁਰੂ ਦਾ ਹੁਕਮ ਸਤਿ ਸਤਿ ਮੰਨਦੇ ਹਨ, ਅਤੇ ਮਨ-ਬਚ-ਕਰਮ ਕਰਕੇ ਮੰਨਦੇ ਹਨ। ਓਹ ਸਤਿਗੁਰੂ ਦੇ ਸੱਚੇ ਉਪਦੇਸ਼ ਰੂਪੀ ਹੁਕਮਾਂ ਸਿਰ ਹੁਕਮ ("ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ")* ਗੁਰਮਤਿ ਨਾਮ ਨੂੰ ਅਤੇ ਇਸ ਨਾਮ ਦੀ ਗੁਰਬਾਣੀ ਵਿਖੇ ਗਾਈ ਮਹੱਤਤਾ-ਮਹਿਮਾ ਨੂੰ ਸੁਣ ਸੁਣ ਕੇ ਹੋਰ ਭੀ ਉਸ ਨਾਮ ਜਪਣ ਰੂਪੀ ਸਤਿਗੁਰੂ ਦੀ ਹੁਕਮ ਰਜ਼ਾਈ ਆਗਿਆ ਮੰਨਣ ਲਈ ਤੱਤਪਰ ਹੋ ਜਾਂਦੇ ਹਨ; ਅਤੇ ਸਦਾ ਤੱਤਪਰ ਹੋਏ ਰਹਿੰਦੇ ਹਨ। ਵਧੇਰੇ ਤੋਂ ਵਧੇਰੇ ਤੱਪਪਰ ਹੋਵੰਦੇ ਵਿਗਸੋਵੰਦੇ ਹਨ। ਐਥੋਂ ਤਾਈਂ ਕਿ ਉਹ ਅਠੋ ਪਹਿਰ ਨਾਮੀ ਵਾਹਿਗੁਰੂ ਹਰੀ ਪਰਮਾਤਮਾ ਦੇ ਸਿਫਤਿ ਸਾਲਾਹੀ ਗੁਣ ਗਾਉਂਦੇ ਰਹਿੰਦੇ ਹਨ, ਰਜਦੇ ਅਘਾਵੰਦੇ ਨਹੀਂ। ਇਸ ਬਿਧਿ ਗੁਣ ਗਾ ਗਾ ਕੇ ਪਾਰਸ ਗੁਣਾਂ ਦੀ ਪਾਰਸ-ਕਮਾਈ ਦੇ ਤੁਫੈਲ ਉਹ ਪਰਮ ਗਤੀ ਨੂੰ ਪ੍ਰਾਪਤ ਹੋ ਜਾਂਦੇ ਹਨ ਅਤੇ ਗੁਰੂ ਦੇ ਪ੍ਰਸਾਦ ਕਰਕੇ ਓਹਨਾਂ ਦੀ ਸੱਚੀ ਲਿਵ ਲਗ ਜਾਂਦੀ ਹੈ। ਇਹ ਲਿਵ ਕੇਵਲ ਗੁਰੂ ਦੇ ਪ੍ਰਸਾਦ ਕਰਕੇ ਹੀ ਲਗਦੀ ਹੈ। ਸ੍ਰੀ ਗੁਰੂ ਨਾਨਕਦੇਵ ਜੀ ਇਸ ਗੱਲ ਦੀ ਸਾਖਾ ਭਰਦੇ ਹਨ। **ਸੋ ਗੁਰਸਿਖਾਂ ਨੂੰ ਸ੍ਰੀ ਸਤਿਗੁਰੂ ਨਾਨਕ ਸਾਹਿਬ ਦੀ ਦ੍ਰਿੜ੍ਹਾਈ ਸਿਖਿਆ ਸਾਖਾ ਤੇ ਭਰੋਸਾ ਹੋਣਾ ਚਾਹੀਦਾ ਹੈ, ਨਾ ਕਿ ਆਨਮਤਾਂ ਦੀ ਸੁਣੀ ਸੁਣਾਈ ਸਿਖਿਆ ਪਰ।**

ਮਹਾ ਮੰਤ੍ਰੁ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓ ਰੀ ॥੩॥੫੧॥ [ਆਸਾ ਮ: ੫, ਪੰਨਾ ੩੮੪

ਵਾਹੁ ਬਿਸਮਾਦੀ (ਅਸਚਰਜ) ਨਾਮ ਜਦ ਗੁਰਮੰਤ੍ਰ ਰੂਪੀ ਗੁਰਦੀਖਿਆ ਦੁਆਰਾ ਕੰਨੀ ਸੁਣਿਆ ਤਾਂ ਇਹ ਗੁਰਸ਼ਬਦ ਗੁਰਮਤਿ ਨਾਮ ਰੂਪੀ ਮਹਾਂ ਮੰਤਰ ਹਿਰਦੇ ਵਿਚ ਵਸਿਆ। ਇਹ ਹਿਰਦੇ ਵਸਿਆ ਧਸਿਆ ਨਾਮ ਐਸੀ ਅੰਮ੍ਰਿਤ ਕਲਾ ਜ਼ਹੂਰਾਉਂਦਾ ਹੈ, ਕਿ ਇਹੋ ਨਾਮ ਆਪਣੀ ਪਾਰਸ-ਰਸਾਇਣੀ-ਕੁਦਰਤ ਨਾਲ ਰਸਨੀ ਰਸਿਆ ਤੇ ਸ੍ਰਵਣੀ ਸਰੱਸਿਆ ਨਾਮ ਬਣ ਜਾਂਦਾ ਹੈ। ਜਿਸ ਅੰਮ੍ਰਿਤ ਨਾਮ ਨੂੰ ਨਾਲੇ ਅੰਤਰਗਤਿ ਸੁਣੀਦਾ ਹੈ, ਅਤੇ ਨਾਲੇ ਧਿਆਈਦਾ ਹੈ, ਤੇ ਮਹਿਮਾ ਮਹੋਉਤਸ਼ਵ ਅੰਦਰ ਆਠ ਪਹਿਰ ਗਾਈਦਾ ਹੈ। ਨਾਮ ਨਾਮੀ ਦੀਆਂ ਗੁਣ-ਮਿੱਠਤਾਂ ਜੋ ਸਮਸਰ ਹੀ ਸਾਲਾਹੁਣ ਗਾਉਣ ਜੋਗ ਹੁੰਦੀਆਂ ਹਨ। ਯਥਾ ਗੁਰਵਾਕ :

ਸੁਣਿ ਸੁਣਿ ਅੰਮ੍ਰਿਤ ਨਾਮੁ ਧਿਆਵਾ ॥ ਆਠ ਪਹਰ ਤੇਰੇ ਗੁਣ ਗਾਵਾ ॥ (ਸੂਹੀ ਮਹਲਾ ੫, ਪੰਨਾ ੭੪੦)

ਗੁਰਮਤਿ ਨਾਮ ਦੀ ਗੁਣਾਂ ਵਾਲੀ ਸਿਫਤਿ (ਮਹਿਮਾ) ਨੂੰ ਸਾਲਾਹੁਣ, ਗਾਉਣ ਅਤੇ ਸ੍ਰਵਣੀ ਸੁਣਨ ਅਤੇ ਸੁਣ ਸੁਣ ਕੇ ਬਿਸਮਾਉਣ ਤੇ ਬਿਸਮ ਰੰਗਾਂ ਵਿਚ ਰੰਗੀਜ ਕੇ ਨਾਮ ਦੀ ਗੁਰਬਾਣੀ ਰੂਪੀ ਗੁਣ-ਸਿਫ਼ਤਾਂ ਨੂੰ ਮੁੜਿ ਮੁੜਿ ਗਾਉਣ ਅਤੇ ਗਾਉਂਦੇ ਰਹਿਣ ਨੂੰ ਅੱਗੇ ਰਖਿਆ ਹੈ। ਜਿਹਾ ਕਿ ਗੁਰਵਾਕ ਇਸ ਬਿਧਿ ਨਿਰੂਪਨ ਕਰਾਉਂਦਾ ਹੈ :

*ਸਿਰੀ ਰਾਗੁ ਮ: ੧, ਪੰਨਾ ੭੧-੭੨



www.AKJ.Org

ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ ॥
ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ ਕਟੀਐ ਕਾਲ ਕੀ ਫਾਸੀ ਰਾਮ ॥
ਕਟੀਐ ਜਮ ਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ ॥
ਹਰਿ ਹਰਿ ਜਪੁ ਜਪੀਐ ਦਿਨੁ ਰਾਤੀ ਲਾਗੈ ਸਹਜਿ ਧਿਆਨਾ ॥
ਕਲਮਲ ਦੁਖ ਜਾਰੇ ਪ੍ਰਭੂ ਚਿਤਾਰੇ ਮਨ ਕੀ ਦੁਰਮਤਿ ਨਾਸੀ ॥
ਕਹੁ ਨਾਨਕ ਪ੍ਰਭ ਕਿਰਪਾ ਕੀਜੈ ਹਰਿ ਗੁਣ ਸੁਣੀਅਹਿ ਅਵਿਨਾਸੀ ॥ (ਸੂਹੀ ਮਹਲਾ ੫, ਪੰਨਾ ੭੮੦)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਗੁਣਾ ਪੁੰਜ, ਗੁਣੀ ਵਾਹਿਗੁਰੂ, ਨਾਮੀ, ਹਰੀ ਪ੍ਰਮਾਤਮਾ ਦੇ ਅਬਿਨਾਸ਼ੀ-ਗੁਣਾਂ ਦੇ ਭੰਡਾਰ ਹਨ। ਕੇਵਲ ਏਹਨਾਂ ਅਬਿਨਾਸ਼ੀ ਗੁਣਾਂ ਅੰਦਰ ਹੀ ਅੰਮ੍ਰਿਤ ਨਾਮ ਦੀ ਪਾਰਸ ਤਾਸੀਰ ਵਾਲਾ ਤਲਿਸਮ ਹੈ। ਇਹਨਾਂ ਗੁਣਾਂ ਨੂੰ ਗਾਵਣਾ ਅਤੇ ਸੁਣਨਾ ਐਸਾ ਪਾਰਸ-ਰਸਾਇਣੀ-ਮੁਅਜਜ਼ਾ ਰਖਦਾ ਹੈ ਕਿ ਇਸ ਨੂੰ ਸੁਣ ਸੁਣ ਕੇ ਜਨਮ ਜਨਮਾਂ ਦੀ ਲਗ਼ੀ ਮੈਲ ਵਾਲਾ ਮਲੀਨ ਮਨ ਨਿਰਮਲ ਹੋ ਜਾਂਦਾ ਹੈ। ਮਨ ਹੀ ਨਿਰਮਲ ਨਹੀਂ ਹੁੰਦਾ, ਬਲਕਿ ਕਾਲ ਦੀ ਫਾਸੀ ਹੀ ਕਟੀ ਜਾਂਦੀ ਹੈ। ਸੋ ਸੱਚੇ ਪਾਤਸ਼ਾਹ ਸਤਿਗੁਰੂ ਏਹਨਾਂ ਅਬਿਨਾਸ਼ੀ-ਗੁਣਾਂ ਦੇ ਸ੍ਰਵਣੀ ਸੁਣਨ ਦੀ ਅਪਰ ਅਪਾਰੀ ਮਹੱਤਤਾ ਨੂੰ ਮੁਖ ਰਖ ਕੇ ਅਕਾਲ ਪੁਰਖ ਅਗੇ ਸਨਮੁਖ ਜਾਚਨਾ ਕਰਦੇ ਹਨ (ਕੇਵਲ ਅਸਾਡੇ ਅਲਪਗ ਸੰਸਾਰੀ ਜੀਵਾਂ ਦੀ ਖ਼ਾਤਰ ਕਰਦੇ ਹਨ) ਕਿ ਹੇ ਪ੍ਰੀਤਮ ਪ੍ਰਭੂ ! ਤੂੰ ਆਪਣੇ ਜਗਿਆਸੂ ਜਨਾਂ ਨੂੰ ਕਰੋੜਾਂ ਹੀ ਕੰਨ ਬਖ਼ਸ਼, ਜਿਨ੍ਹਾਂ ਕਰਕੇ ਤੇਰੇ ਅਬਿਨਾਸੀ-ਗੁਣਾਂ ਨੂੰ ਸਦ ਸਦਾ ਹੀ ਸੁਣਦੇ ਰਹੀਏ, ਜਿਨ੍ਹਾਂ ਨੂੰ ਸੁਣ ਸੁਣ ਕੇ ਸੁਣਨਹਾਰਿਆਂ ਦੇ ਮਨ ਸੱਚ ਮੁੱਚ ਹੀ ਨਿਰਮਲ ਹੋ ਜਾਂਦੇ ਹਨ ਅਤੇ ਜਮ ਦੀ ਕਾਲ-ਫਾਸ ਕਟੀ ਜਾਂਦੀ ਹੈ। ਏਹਨਾਂ ਅਬਿਨਾਸ਼ੀ ਗੁਣਾਂ ਦੇ ਸੁਣਨ ਦੀ ਪਾਰਸ-ਰਸਾਇਣੀ-ਤਾਸੀਰ ਨਾਮ ਦੀ ਸਿਮਰਨ-ਕਲਾ ਭੀ ਨਾਲੋਂ ਨਾਲ ਉਪਜਾਉਂਦੀ ਤੇ ਵਧ ਤੋਂ ਵਧ ਵਧਾਉਂਦੀ ਹੈ। ਗੁਣਾਂ ਨੂੰ ਸ੍ਰਵਣ ਕਰਦੇ ਹੋਏ ਨਾਮ ਦੀ ਸਿਮਰਨ-ਕਲਾ ਨੂੰ ਜੋ ਚੜ੍ਹਦੀ ਤੋਂ ਚੜ੍ਹਦੀ ਆਤਮ-ਤ੍ਰੈ ਗੁਣੀ-ਰੰਗਣ ਦੇ ਜੋਤਿ-ਵਿਗਾਸੀ ਫੰਗ ਲਗਦੇ ਹਨ, ਇਸ ਅਵਸਥਾ ਨੂੰ ਤਾਂ ਕੇਵਲ ਨਾਮ-ਅਭਿਆਸੀ ਹੀ ਲਖ ਜਾਚ ਸਕਦੇ ਹਨ, ਤਾਂ ਹੀ ਤੇ :

ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ ਕਟੀਐ ਕਾਲ ਕੀ ਫਾਸੀ ਰਾਮ ॥"

ਦੇ ਨਾਲ ਲਗਦੀ ਇਹ ਤੁਕ ਵਿਦਮਾਨ ਹੈ—

"ਕਟੀਐ ਜਮ ਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ ॥"

ਅਬਿਨਾਸ਼ੀ ਗੁਣਾਂ ਮਈ ਜਸ ਸਿਫਤਿ ਸਾਲਾਹ ਸੁਣ ਸੁਣ ਕੇ, ਦਹਿ ਬਾਲਾ ਹੋਈ ਸਿਮਰਨ ਕਲਾ, ਅਤੇ ਸਿਮਰਨ ਤੋਂ ਸ੍ਰਵਣਾਂ ਅੰਦਰ ਭੋਈ ਅੰਮ੍ਰਿਤ-ਰਸ-ਨਾਦ-ਅਨਾਹਦੀ-ਧੁਨਕਾਰ ਸੰਮਿਲਤ ਦੀ ਪਾਰਸ-ਰਸਾਇਣੀ-ਤਾਸੀਰ ਦੁਆਰਾ, ਨਾ-ਸਿਰਫ਼ ਸੁਰਤਿ ਸ਼ਬਦ ਵਾਲੇ ਨਾਮ ਅਭਿਆਸੀ ਦੀ ਕਾਲ (ਜਮ)-ਫਾਸੀ ਹੀ ਕੱਟੀ ਜਾਂਦੀ ਹੈ, ਬਲਕਿ ਉਸ ਨੂੰ ਸਾਕਸ਼ਾਤ ਜੋਤਿ ਵਿਗਾਸੀ ਗਿਆਨ ਦੀ ਗੰਮਤਾ ਭੀ ਹੋ ਜਾਂਦੀ ਹੈ। ਇਸ ਬਿਧਿ ਪ੍ਰਾਪਤ ਹੋਏ, ਸੰਜੋਗ ਸੰਜੋਟੇ ਸ੍ਰਵਣ ਸੁਰਤ ਸੰਜੋਗੀ, ਜਾਪ ਸੁਜਾਪ ਨੂੰ ਦਿਨ ਰਾਤੀ ਜਪਣਾ ਯਾ ਖਿਨ ਖਿਨ ਜਪੀ ਜਾਣ ਦਾ ਗੁਰੂ ਦ੍ਰਿੜ੍ਹਾਇਆ ਅਕਾਲੀ ਹੁਕਮ ਹੈ, ਜਿਸ ਨੂੰ ਕਮਾਉਣ ਕਰ ਸਹਜ ਅਵਸਥਾ ਵਿਖੇ ਲਿਵ ਧਿਆਨ ਜਾ ਕੇ ਜੁੜਦਾ ਹੈ। ਲੋਕੀਂ ਐਵੇਂ ਗੱਲਾਂ ਬਾਤਾਂ ਨਾਲ ਇਹ ਸਹਜ (ਤੁਰੀਆ) ਪਦ ਪਾਇਆ ਲੋੜਦੇ ਹਨ ਅਤੇ ਸੁੱਕੀ ਮੈਡੀਟੇਸ਼ਨ ਥੀਊਰੀ ਦੇ ਥੀਊਰਾਈਣ ਨੂੰ ਹੀ ਸਹਜ ਪਦ ਦਾ ਲਖਾਇਕ ਗਰਦਾਨੀ ਫਿਰਦੇ ਹਨ। ਐਥੇ ਸੁੱਕੀਆਂ ਥੀਊਰੀਆਂ ਤੋਂ ਕੰਮ ਨਹੀਂ ਚਲਦਾ, ਗੁਰਮਤਿ ਅੰਦਰ ਤਾਂ ਪ੍ਰਭੂ ਦੀ ਨਾਮ-ਚਿਤਾਰਨੀ-ਸਿਮਰਨ-ਚੁੰਭਕ-ਬੂਟੀ ਸੱਚ ਮੁੱਚ ਕਲਮਲ ਦੁਖ ਟਾਰਨੀ, ਅਤੇ ਦੁਰਮਤਿ ਮਤਿ ਮਾਰਿ ਵਿਡਾਰਨੀ ਹੈ। ਤਾਂ ਤੇ ਉਪਰਲੇ ਗੁਰਵਾਕ ਦਾ ਸਿੱਟਾ ਸਫੁੱਟ ਕਰਦੇ ਹੋਏ ਸ੍ਰੀ ਗੁਰੂ ਨਾਨਕ ਸਾਹਿਬ ਜੀਉ ਏਸ ਗੱਲ ਉੱਤੇ ਜ਼ੋਰ ਦਿੰਦੇ ਹਨ ਕਿ ਰਮਤ ਰਾਮ ਪਰਮੇਸ਼ਰ ਦੇ ਅਬਿਨਾਸ਼ੀ ਗੁਣਾਂ ਨੂੰ ਹੀ ਹਰ ਦਮ ਸੁਣਦੇ ਰਹੀਏ। ਹਰ ਦਮ ਸੁਣਦੇ ਰਹਿਣ ਵਾਲਾ ਅਤੇ ਦੰਮ ਬਦੰਮ ਜਪੀਂਦੇ ਰਹਿਣ ਵਾਲਾ ਸਰਬ ਗੁਣਾਂ ਗੁਣ ਉਤਮੋ ਗੁਰਮਤਿ ਨਾਮ ਹੀ ਹੈ।


www.AKJ.Org

"ਦਮਿ ਦਮਿ ਸਦਾ ਸਮ੍ਹਾਲਦਾ ਦੰਮੁ ਨ ਬਿਰਥਾ ਜਾਇ ॥" [ਬਿਹਾਗੜੇ ਕੀ ਵਾਰ ਮ: ੩, ਪੰਨਾ ੫੫੬ ਦੀ ਸ਼ਰਤ ਪੂਰਾ ਕਰਨ ਵਾਲਾ ਗੁਰਮਤਿ ਨਾਮ ਹੀ ਹੈ, ਜਿਸ ਨੂੰ ਸੰਮਾਲਣਹਾਰਾ ਸੁਆਸ ਸੁਆਸ ਨਾਮ ਜਪਦਾ ਹੈ ਅਤੇ ਨਾਮ ਸੁਣਦਾ ਭੀ ਹੈ। "ਸੰਮ੍ਹਾਲਣ" ਦੇ ਪਦ ਵਿਚ ਸਿਮਰਨ, ਸੁਰਤਿ ਸ੍ਰਵਣ ਦੋਈ ਸ਼ਰਤਾਂ ਪੂਰੀਆਂ ਹੋ ਜਾਂਦੀਆਂ ਹਨ। ਤਾਂ ਤੇ ਗੁਰਬਾਣੀ ਅੰਦਰ ਆਏ ਸੰਮ੍ਹਾਲਣ ਵਾਲੇ ਪਦ ਤੱਤ ਵਿਲੱਖਣੀ ਮਾਅਨੇ ਰਖਦੇ ਹਨ। ਸਿਮਰਨ ਕਰਦੇ ਹੋਏ ਸਿਮਰਨ-ਕਮਾਈ ਨੂੰ ਸੰਮ੍ਹਾਲਣਾ ਕਿਸੇ ਸੂਰੇ ਦਾ ਕੰਮ ਹੈ। ਸਿਮਰਨੋਂ ਉਦੋਤ ਹੋਈ ਸਰੋਦ-ਸੁਰਤੀ ਨੂੰ ਸ਼ਬਦ ਜਾਪ ਅਜਾਪ ਦੇ ਨਾਲੋ ਨਾਲ ਜੋੜੀ ਰਖਣਾ ਇਹ ਨਾਮ ਸੰਮ੍ਹਾਲਣ ਦੇ ਅਰਥਾਂ ਦਾ ਇਕ ਹੱਲ ਹੋਇਆ ਤਨਕ ਮਾਤ੍ਰੀ ਗੁਰਮਤਿ ਮੁਇੰਮਾਂ ਹੈ। ਹੋਰ ਦੀਗਰ ਰਾਜ਼ ਮੁਇੰਮੇ ਨਾਮ ਸਮ੍ਹਾਲਣ ਦੇ, ਨਾਮ ਸਮ੍ਹਾਲਣ ਦੀ ਅਜਰ ਸ਼ਕਤੀ ਵਾਲੇ ਅਜਰ ਜਰੀਏ ਹੀ ਜਾਣਦੇ ਹਨ, ਅਤੇ ਜਾਣ ਕੇ, ਅਜਰ ਜਰਾਣ ਕੇ, ਅੰਦਰੇ ਹੀ ਅੰਦਰ ਆਨੰਦ ਮਾਣਦੇ ਹਨ। ਜਣਾਉਂਦੇ ਲਖਾਉਂਦੇ ਕਿਸੇ ਨੂੰ ਨਹੀਂ, ਅਲੱਖ ਨੂੰ ਲੱਖ ਕੇ ਅੰਦਰੇ ਹੀ ਅੰਦਰ ਜਰਦੇ ਹਨ।

ਗੁਰਮਤਿ ਨਾਮ ਨੂੰ ਬਾਰੰਬਾਰ ਉਚਾਰਨਾ ਇਹ ਐਸੀ ਬਾਣੀ ਹੈ ਕਿ ਜਿਸ ਨੂੰ ਉਚਾਰਨ ਸਮੇਂ, ਸੁਣ ਸੁਣ ਕੇ ਉਚਾਰਨ ਸੁਣਨਹਾਰੇ, ਅਰਥਾਤ, ਨਾਮ ਨੂੰ ਸੰਮ੍ਹਾਲਣਹਾਰੇ ਅਭਿਆਸੀ ਜਨਾਂ ਦੀ ਪਰਮ ਗਤੀ ਹੋ ਜਾਂਦੀ ਹੈ। ਯਥਾ ਗੁਰਵਾਕ :

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥ ਸੁਣਿ ਸੁਣਿ ਹੋਵੈ ਪਰਮਗਤਿ ਮੇਰੀ ॥ [ਮਾਝ ਮ: ੫, ਪੰਨਾ ੧੦੩

'ਹਰਿ ਪਦ ਨੂੰ 'ਹਰਿ ਹਰਿ' ਕਰਕੇ ਦੋ ਬਾਰ ਉਚਾਰਿਆ ਲਿਖਣਾ ਇਸ ਗੱਲ ਨੂੰ ਸਿਧ ਕਰਦਾ ਹੈ, ਕਿ 'ਹਰਿ ਹਰਿ ਬਾਣੀ' ਤੋਂ ਭਾਵ ਬਾਰੰਬਾਰ ਸਿਮਰਨ ਵਾਲੇ ਗੁਰਮਤਿ ਨਾਮ ਤੋਂ ਹੈ।

'ਨਾਮ ਸੰਮ੍ਹਾਲਣ' ਦੇ ਲਫਜ਼ਾਂ ਅੰਦਰ ਨਾਮ ਨੂੰ ਸੁਣ ਕੇ ਮੰਨਣ ਦਾ ਸਮੁੱਚਾ ਗੁਰਮਤਿ ਭਾਵ ਆ ਗਿਆ, ਹੁਣ ਗੁਰਮਤਿ ਨਾਮ ਨੂੰ ਸੁਣ ਕੇ ਮੰਨਣ ਪਰਥਾਇ ਕੁਛ ਕੁ ਗੁਰਵਾਕ ਦੇ ਕੇ ਇਸ ਪਰਕਰਣ ਨੂੰ ਸਮਾਪਤ ਕੀਤਾ ਜਾਂਦਾ ਹੈ।

ਸੁਣਿ ਸੁਣਿ ਗੁਰਮੁਖਿ ਨਾਮੁ ਵਖਾਣਹਿ ਸਤ ਸੰਗਤਿ ਮੇਲਾਈ ॥੧੭॥
ਗੁਰਮੁਖਿ ਗਾਵੈ ਆਪੁ ਗਵਾਵੈ ਦਰਿ ਸਾਚੈ ਸੋਭਾ ਪਾਈ ॥੧੮॥
ਸਾਚੀ ਬਾਣੀ ਸਚੁ ਵਖਾਣੈ ਸਚਿ ਨਾਮਿ ਲਿਵ ਲਾਈ ॥੧੯॥

[ਰਾਮਕਲੀ ਮਹਲਾ ੩ ਅਸਟਪਦੀਆ, ਪੰਨਾ ੯੧੦

ਗੁਰਮੁਖੋਂ ਸੁਣ ਸੁਣ, ਗੁਰ ਦੀਖਿਆ ਰੂਪੀ ਗੁਰਮੰਤ੍ਰ, ਗੁਰੂ ਦੁਆਰਿਓਂ ਸੁਣ ਕੇ (ਲੈ ਕੇ) ਗੁਰਮੁਖ ਦੀਖਿਆ ਪਾਤਰ ਜਨ ਨਾਮ ਮੁਖਿ ਬਾਣੀ ਸ੍ਰਵਣਾਂ ਤੇ ਰਸਨਾ ਦੁਆਰਾ ਸੰਮ੍ਹਾਲਦਾ ਹੈ, ਅਤੇ ਗੁਰਮੁਖ ਪਿਆਰਿਆਂ ਦੀ ਪੁੰਜ—ਸਤਿਸੰਗਤਿ ਦੇ ਮੇਲ ਮਿਲਾਪ ਹੋਣ ਦੇ ਅਵਸਰ ਜੁੜਨ ਪਰ ਹੀ ਸੰਮ੍ਹਾਲਦਾ ਹੈ। ਇਸ ਬਿਧਿ ਨਾਲ ਸੰਮ੍ਹਾਲ ਸੰਮ੍ਹਾਲ ਨਾਮ ਦੇ ਗੁਣ ਗਾਉਂਦਾ ਹੈ, ਅਤੇ ਗੁਣ ਗਾ ਗਾ ਆਪਾ ਭਾਵ ਗਵਾਇ ਕੇ ਨਾਮ ਵਿਖੇ ਸਮਾ ਜਾਂਦਾ ਹੈ। ਇਤ ਬਿਧਿ ਦਰਿ ਸਚੈ ਸੋਭਾ ਪਾਉਂਦਾ ਹੈ। ਇਸ ਸਚੇ ਨਾਮ ਨੂੰ ਸੱਚੀ ਬਾਣੀ ਜਾਪ-ਧੁਨੀ ਵਿਚ ਵਖਾਣਦਾ ਸੁਣਦਾ ਹੈ, (ਕੋਈ ਖ਼ਿਆਲੀ ਘੂੰ ਘੂੰ ਕੰਨਾਂ ਵਿਚ ਨਹੀਂ ਸੁਣਦਾ)। ਇਸ ਤਰ੍ਹਾਂ ਨਾਮ, ਜਾਪ-ਉਚਾਰਨ ਸੰਮ੍ਹਾਲਣ ਕਰਕੇ ਉਸ ਦੀ ਨਾਮ-ਅਭਿਆਸ-ਕਮਾਈਆਂ ਕਰ ਕਰ ਸੱਚੇ ਨਾਮ ਵਿਖੇ ਹੀ ਲਿਵ ਲਗ ਜਾਂਦੀ ਹੈ :

ਕਰਣਹਾਰ ਮੇਰੇ ਪ੍ਰਭ ਏਕ ॥ ਨਾਮ ਤੇਰੇ ਕੀ ਮਨ ਮਹਿ ਟੇਕ ॥੨॥
ਸੁਣਿ ਸੁਣਿ ਜੀਵਉ ਮਨਿ ਇਹੁ ਬਿਸ੍ਰਾਮੁ ॥ ਪਾਪ ਖੰਡਨ ਪ੍ਰਭ ਤੇਰੋ ਨਾਮੁ ॥

ਰਾਮਕਲੀ ਮ: ੫, ਪੰਨਾ ੮੯੪

ਭਾਵ, ਅਕਾਲ ਪੁਰਖ ਦੇ ਨਾਮ ਦੀ ਜਿਨ੍ਹਾਂ ਦੇ ਮਨ ਵਿਚ ਟੇਕ ਹੈ, ਓਹ ਏਸੇ ਨਾਮ-ਟੇਕ ਬਿਸਰਾਮ ਵਾਲੇ ਸੱਚੇ ਆਧਾਰ ਰੂਪੀ ਨਾਮ ਨੂੰ ਸੁਣ ਸੁਣ ਕੇ ਅਤੇ ਸੰਮ੍ਹਾਲ ਸੰਮ੍ਹਾਲ ਕੇ ਜੀਵੰਦੇ ਹਨ। ਗੁਰਮਤਿ ਨਾਮ ਦੇ ਸੰਮ੍ਹਾਲਣ ਅੰਦਰ ਐਸੀ ਪਾਰਸ-ਕਲਾ ਹੈ ਜਿਸ ਦੇ ਸੰਮ੍ਹਾਲਣ ਕਰਕੇ ਸਾਰੇ ਪਾਪ ਖੰਡੇ ਜਾਂਦੇ ਹਨ :


www.AKJ.Org

ਮਨ ਮਹਿ ਰਾਮ ਨਾਮਾ ਜਾਪਿ ॥
ਕਰਿ ਕਿਰਪਾ ਵਸਹੁ ਮੇਰੈ ਹਿਰਦੈ ਹੋਇ ਸਹਾਈ ਆਪਿ ॥੧॥ਰਹਾਉ॥
ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ ਪ੍ਰਭੁ ਪੇਖਣ ਕਾ ਚਾਉ ॥ [ਆਸਾ ਮ: ੫, ਪੰਨਾ ੪੦੫

ਭਾਵ, ਗੁਰ ਪ੍ਰਸਾਦਿ ਕਰਿ ਗੁਰਮਤਿ-ਨਾਮ-ਜਾਪ ਦੁਆਰਾ ਵਾਹਿਗੁਰੂ ਹਿਰਦੇ ਵਿਚ ਵਸਦਾ ਹੈ। ਪ੍ਰੀਤਮ ਪ੍ਰਭੂ ਦਾ ਐਸਾ ਪਿਆਰਾ ਪ੍ਰਾਣ-ਅਧਾਰੀ-ਨਾਮ ਸੁਣ ਸੁਣ ਕੇ ਹੀ ਪ੍ਰਭ ਪੇਖਣ ਦਾ ਚਾਉ ਮਨ ਵਿਚ ਉਪਜਦਾ ਹੈ। ਇਹ ਨਾਮ ਸ੍ਰਵਣੀ ਸੁਣਨ ਦੀ ਮਹਿਮਾ ਹੈ :

ਸੁਣਿ ਸੁਣਿ ਬੂਝੈ ਮਾਨੈ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥ [ਗਉੜੀ ਮ: ੧, ਪੰਨਾ ੧੫੨

ਭਾਵ, ਜੋ ਗੁਰਮੁਖ ਗੁਰ-ਦੀਖਿਆ ਦੁਆਰਾ ਨਾਮ ਨੂੰ ਸੁਣ ਕੇ ਬੁੱਝਦਾ ਹੈ ਅਤੇ ਸੁਣ ਬੁੱਝ ਕੇ ਮੰਨਦਾ ਹੈ, ਉਸ ਗੁਰਮੁਖ ਵਿਟਹੁ ਸੌ ਸੋ ਵਾਰ ਘੋਲ ਕੇ ਨਿਸਾਰ ਹੋਇਆ ਜਾਵੇ ਤਾਂ ਭੀ ਥੋੜਾ ਹੈ :

ਖੋਜਤ ਖੋਜਤ ਖੋਜਿ ਬੀਚਾਰਿਓ ਰਾਮ ਨਾਮੁ ਤਤੁ ਸਾਰਾ ॥
ਕਿਲਬਿਖ ਕਾਟੇ ਨਿਮਖ ਅਰਾਧਿਆ ਗੁਰਮੁਖਿ ਪਾਰਿ ਉਤਾਰਾ ॥੧॥
ਹਰਿ ਰਸੁ ਪੀਵਹੁ ਪੁਰਖ ਗਿਆਨੀ ॥
ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ ਸਾਧੂ ਅੰਮ੍ਰਿਤ ਬਾਨੀ ॥ਰਹਾਉ॥
ਮੁਕਤਿ ਭੁਗਤਿ ਜੁਗਤਿ ਸਚੁ ਪਾਈਐ ਸਰਬ ਸੁਖਾ ਕਾ ਦਾਤਾ ॥
ਅਪੁਨੇ ਦਾਸ ਕਉ ਭਗਤਿ ਦਾਨੁ ਦੇਵੈ ਪੂਰਨ ਪੁਰਖੁ ਬਿਧਾਤਾ ॥੨॥
ਸ੍ਰਵਣੀ ਸੁਣੀਐ ਰਸਨਾ ਗਾਈਐ ਹਿਰਦੈ ਧਿਆਈਐ ਸੋਈ ॥
ਕਰਣ ਕਾਰਣ ਸਮਰਥ ਸੁਆਮੀ ਜਾ ਤੇ ਬ੍ਰਿਥਾ ਨ ਕੋਈ ॥੩॥
ਵਡੈ ਭਾਗਿ ਰਤਨ ਜਨਮੁ ਪਾਇਆ ਕਰਹੁ ਕ੍ਰਿਪਾ ਕਿਰਪਾਲਾ ॥
ਸਾਧ ਸੰਗਿ ਨਾਨਕੁ ਗੁਣ ਗਾਵੈ ਸਿਮਰੈ ਸਦਾ ਗੁਪਾਲਾ ॥੪॥੧੦॥ [ਸੋਰਠਿ ਮ: ੫, ਪੰਨਾ ੬੧੧

ਏਸ ਗੁਰਵਾਕ ਦੁਆਰਾ ਗੁਰੂ ਸਚੇ ਪਾਤਸ਼ਾਹ ਪ੍ਰਥਮ ਤਾਂ ਏਸ ਗੱਲ ਨੂੰ ਨਿਸਚਤ ਕਰਾਉਂਦੇ ਹਨ ਕਿ ਸਾਰੀਆਂ ਮਤ-ਮਤਾਂਤਰੀ ਫ਼ਿਲਾਸਫ਼ੀਆਂ, ਥੀਆਸਫ਼ੀਆਂ ਸਭ ਹੇਚ ਹੀ ਹਨ। ਅਗੰਮੀ ਖੋਜ ਵਿਚਾਰ ਦੁਆਰਾ, ਅਤੇ ਸਰਬੱਗ ਆਤਮੀ ਕਸ਼ਫ਼ ਕਸ਼ਾਫ਼ੀ ਦਿੱਬ ਦ੍ਰਿਸ਼ਟਾਰ ਦੁਆਰਾ ਨਿਹਾਰ ਕੇ ਇਹ ਸਿੱਟਾ ਨਿਖਾਰਿਆ ਹੈ, ਕਿ ਨਾਮ, ਕੇਵਲ ਨਾਮ ਹੀ ਤੱਤ-ਸਾਰ ਵਥ ਪਦਾਰਥ ਹੈ, ਜਿਸ ਨੂੰ ਗੁਰਮਤਿ ਬਿਧਿ ਜੁਗਤਿ ਅਨੁਸਾਰ ਨਿਮਖ ਮਾਤਰ ਆਰਾਧਿਆਂ, ਅਰਾਧਨਹਾਰੇ ਗੁਰਮੁਖ ਜਨਾਂ ਦੇ ਕਿਲਵਿਖ ਕੱਟੇ ਜਾਂਦੇ ਹਨ, ਅਤੇ ਗੁਰਮੁਖਾਂ ਦਾ ਤੱਤ-ਨਿਸਤਾਰਾ ਪਾਰ-ਉਤਾਰਾ ਹੋ ਜਾਂਦਾ ਹੈ। ਐਸੇ ਤੱਤ- ਨਿਸਤਾਰੇ ਵਾਲੇ, ਅਤੇ ਪਾਰ-ਉਤਾਰੇ ਵਾਲੇ, ਅਤੇ ਪਾਰ ਉਤਰਨਹਾਰੇ, ਨਿਸਤਰਤ ਹਰਿ ਰਸ ਪਾਗੇ ਗੁਰਮੁਖ ਪੁਰਖ ਗਿਆਨੀ, ਇਸ ਜੀਵਨ ਮੁਕਤਿ ਬਿਵਸਥਾ ਵਿਚ ਖੇਡਦੇ ਹੋਏ ਭੀ ਨਾਮ ਅਭਿਆਸ ਕਮਾਈ ਦਾ ਅਗਾਧ ਤੋਂ ਅਗਾਧ ਅੰਮ੍ਰਿਤ ਰਸ ਭੁੰਚਦੇ ਰਹਿੰਦੇ ਹਨ। ਇਉਂ ਅੰਮ੍ਰਿਤ ਰਸ ਭੁੰਚ ਕੇ ਅਹਿਲਾਦ ਅੰਦਰ ਅਨਹਦ ਨਾਦ ਅੰਮ੍ਰਿਤ ਸੁਆਦ ਭੀ ਤਿਨ੍ਹਾਂ ਨੂੰ ਆਂਵਦਾ ਹੈ, ਤਿਸ ਅੰਮ੍ਰਿਤ ਸੁਆਦੀ ਅਹਿਲਾਦੀ ਅਨਹਦ ਨਾਦ ਨੂੰ ਅੰਤਰਗਤੀ ਸੁਣ ਸੁਣ ਓਹਨਾਂ ਨੂੰ ਮਹਾਂ ਤ੍ਰਿਪਤੀ ਦੀ ਬਿਸਮਤਾ ਬਣਿ ਆਉਂਦੀ ਹੈ। ਤਿਨ੍ਹਾਂ ਗੁਰਮੁਖ ਸਾਧ ਜਨਾਂ ਦੀ ਪਾਰਸ-ਰਸਾਇਣੀ-ਰਸਨਾ ਤੋਂ ਉਚਰੀ ਰਸਨ-ਰਟੰਨੀ, ਨਾਮ ਜਾਪ ਰੂਪ ਅੰਮ੍ਰਿਤ ਬਾਣੀ ਨੂੰ ਸੁਣ ਸੁਣ ਕੇ ਭੀ ਸੁਣਨਹਾਰਿਆਂ ਦਾ ਮਨ ਮਹਾਂ ਤ੍ਰਿਪਤੀ ਨੂੰ ਪ੍ਰਾਪਤ ਹੁੰਦਾ ਹੈ। ਐਸਾ ਅੰਮ੍ਰਿਤ ਨਾਮ ਸਰਬ ਸੁਖਾਂ ਕਾ ਦਾਤਾ ਹੈ, ਜਿਸ ਤੋਂ ਮੁਕਤ, ਭੁਗਤ, ਜੁਗਤ ਦਾ ਤੱਤ ਸੱਤਿ (ਸਚੁ) ਪਾਈਦਾ ਹੈ। ਐਸੀ ਤੱਤ-ਸਤਿ-ਪ੍ਰਦਾਇਨੀ ਪ੍ਰੇਮ ਭਗਤੀ ਦੀ ਦਾਤਿ ਪੂਰਨ ਪੁਰਖ ਬਿਧਾਤਾ ਆਪਣੇ ਨਾਮ ਅਭਿਆਸ ਕਮਾਈ ਵਾਲੇ ਗੁਰਸਿਖ ਸੇਵਕ ਦਾਸ ਨੂੰ ਹੀ ਦਿੰਦਾ ਹੈ। ਐਸੇ ਦਾਤੇ ਪ੍ਰਥਾਇ ਹੀ : "ਸ੍ਰਵਣੀ ਸੁਣੀਏ ਰਸਨਾ ਗਾਈਐ ਹਿਰਦੈ ਧਿਆਈਐ ਸੋਈ ॥"
ਵਾਲੀ ਗੁਰਪੰਗਤੀ ਵਾਲਾ ਹੁਕਮੀ ਹਿਤ ਉਪਦੇਸ਼ ਮਖ਼ਸੂਸ ਹੈ ਕਿ ਤਿਸ ਦਾਤੇ ਦੇ ਨਾਮ ਨੂੰ ਸ੍ਰਵਣਾਂ ਕਰਕੇ ਸੁਣੀਏ,


www.AKJ.org

ਰਸਨਾ ਕਰਕੇ ਅਰਾਧੀਏ, ਗਾਈਏ ਅਤੇ ਹਿਰਦੇ ਕਰਕੇ ਧਿਆਈਏ । ਇਹ ਤੱਤ ਉਪਦੇਸ਼ ਰੂਪੀ ਹੁਕਮ ਨਾਮ-ਅਭਿਆਸ-ਕਮਾਈ ਅਰੰਭ ਕਰਨਹਾਰੇ ਜਗਿਆਸੂ ਜਨਾਂ ਨੂੰ ਸਨਮੁਖ ਸੋਹੇਂ ਨਿਸ਼ਾਨਾ ਰਖ ਕੇ ਉਚਾਰਨ ਕੀਤਾ ਗਿਆ ਹੈ । ਅਭਿਆਸੀ ਜਨਾਂ ਨੂੰ ਪਹਿਲਾਂ ਅਰੰਭ ਸਮੇਂ ਹੀ ਇਹੋ ਹੁਕਮ ਕਮਾਵਣਾ ਪਰਮ ਜ਼ਰੂਰੀ ਹੈ । ਹੁਕਮੀ ਦਾਤੇ ਕਰਨ ਕਾਰਨ ਸਮਰੱਥ ਸੁਆਮੀ ਦੇ ਘਰ ਸਭ ਕਿਛ ਹੈ, ਤਿਸ ਦੀਆਂ ਦਾਤਾਂ ਤੋਂ ਬਿਰਥਾ ਕੋਈ ਭੀ ਹੁਕਮ ਕਮਾਵਣਹਾਰਾ ਸਿਖ ਸੇਵਕ ਨਹੀਂ ਹੋ ਸਕਦਾ । ਵਡੇ ਭਾਗਾਂ ਕਰਕੇ ਮਾਨੁਖਾ ਜਨਮ ਮਿਲਦਾ ਹੈ, ਅਤੇ ਮਾਨੁਖਾ ਜਨਮ ਰਤਨ ਜਨਮ ਬਣ ਜਾਂਦਾ ਹੈ, ਜੇਕਰ ਕਿਰਪਾਲੂ ਵਾਹਿਗੁਰੂ ਦੀ ਕਿਰਪਾ ਨਾਲ ਇਹ ਗੁਰ-ਸੰਗਤ ਵਿਚ ਹਰੀ ਗੁਣ ਗਾਉਂਦਿਆਂ ਅਤੇ ਸਦਾ ਸਿਮਰਨ ਕਰਦਿਆਂ ਹੀ ਬਤੀਤ ਹੋਵੇ :

ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ ॥ ਸੁਣਿ ਸੁਣਿ ਮੰਨਿ ਵਸਾਈਐ ਬੂਝੈ ਜਨੁ ਕੋਈ ॥
ਬਹਿਦਿਆ ਉਠਦਿਆ ਨ ਵਿਸਰੈ ਸਾਚਾ ਸਚੁ ਸੋਈ ॥ ਭਗਤਾਂ ਕਉ ਨਾਮ ਅਧਾਰੁ ਹੈ ਨਾਮੇ ਸੁਖੁ ਹੋਈ ॥
ਨਾਨਕ ਮਨਿ ਤਨਿ ਰਵਿ ਰਹਿਆ ਗੁਰਮੁਖਿ ਹਰਿ ਸੋਈ ॥ (ਸਾਰੰਗ ਕੀ ਵਾਰ ਮ: ੪, ਪੰਨਾ ੧੨੩੯)

ਵਿਆਖਿਆ—ਨਿਰੰਜਨ ਅਕਾਲ ਪੁਰਖ ਵਾਹਿਗੁਰੂ ਦਾ ਨਾਮ, ਅਰਥਾਤ, ਸਤਿਨਾਮ ਗੁਰਮੰਤ੍ਰ ਗੁਰਮਤਿ ਨਾਮ ਵੀ ਨਿਰੰਜਨ ਤੇ ਨਿਰਮਲ ਹੈ, ਜਿਸ ਨੂੰ ਗੁਰ ਦੀਖਿਆ ਦੁਆਰਾ ਸੁਣ ਕਰਿ ਤੱਤ ਸੁਖ ਦੀ, ਸੱਚੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ । ਇਕ ਗੁਰਦੀਖਤ ਸ੍ਰਵਣ ਸਰੋਤੇ ਨਾਮ ਨੂੰ ਸ਼ਬਦ ਸੁਰਤ ਦੀ ਅਭਿਆਸ ਦੀ ਤਾਰ ਦੁਆਰਾ ਸੁਣ ਸੁਣ ਕੇ ਹੀ ਮਨ ਵਿਚ ਵਸਾਈ, ਧਸਾਈ ਤੇ ਉਤਰਾਈਦਾ ਤੇ ਰੋਮ ਰੋਮ ਵਿਚ ਸੰਚਾਰੀਦਾ ਹੈ, ਪਰ ਇਸ ਗੁਰਮਤਿ ਅਲਖ ਅਭੇਵ ਜੁਗਤਿ ਨੂੰ ਕੋਈ ਵਿਰਲਾ ਗੁਰਮੁਖ ਜਨ ਹੀ ਬੁਝਦਾ ਹੈ । ਤਿਨ੍ਹਾਂ ਗੁਰਮੁਖ ਨਾਮ-ਜਾਪ-ਜੁਗਤੀਸਰਾਂ ਨੂੰ ਸੱਚਾ ਨਾਮੀ ਅਕਾਲ ਪੁਰਖ ਤੇ ਉਸ ਦਾ ਇਹ ਸੱਚਾ ਨਾਮ ਉਠਦਿਆਂ ਬਹਿੰਦਿਆਂ ਨਹੀਂ ਵਿਸਰਦਾ । ਐਸੇ ਨਾਮ ਅਭਿਆਸੀ ਗੁਰਮੁਖ ਭਗਤ ਜਨਾਂ ਨੂੰ ਇਹ ਸੱਚਾ ਨਾਮ ਹੀ ਆਧਾਰ ਰੂਪ ਹੈ, ਉਨ੍ਹਾਂ ਨੂੰ ਨਾਮ ਦੁਆਰਾ ਹੀ ਸੋ ਸੱਚਾ ਸੁਖ ਪ੍ਰਾਪਤ ਹੁੰਦਾ ਹੈ । ਕਹਿੰਦੇ ਹਨ ਗੁਰੂ ਨਾਨਕ ਸਾਹਿਬ, ਕਿ ਉਨ੍ਹਾਂ ਦੇ ਮਨ ਤਨ ਵਿਚ ਵਾਹਿਗੁਰੂ ਰਵ ਰਹਿਆ ਹੈ, ਅਰਥਾਤ ਸਮਾ ਰਹਿਆ ਹੈ ।

ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ ॥ (ਸਿਰੀ ਰਾਗੁ ਮ: ੧, ਪੰਨਾ ੧੬)

ਨਾਮ ਨੂੰ ਸੁਣਨਹਾਰੇ ਅਤੇ ਸੁਣ ਸੁਣ ਕੇ ਕਮਾਵਣਹਾਰਿਆਂ ਦੇ ਗੁਰੂ ਸਾਹਿਬ ਵਾਰਨੇ ਬਲਿਹਾਰਨੇ ਜਾਂਦੇ ਹਨ ।

ਵਾਹੁ ਵਾਹੁ ਨਾਮ ਦੇ ਸੁਣਨ, ਜਪਣ (ਮੰਨਣ) ਦੀ ਕਿਹੀ ਸੋਹਣੀ ਸੰਧ (ਸਾਂਝੀ ਗੰਢ) ਅਗਲੇ ਗੁਰਵਾਕ ਅੰਦਰ ਦਰਸਾਈ ਹੈ :

ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮੁ ਸਭਿ ਬਿਨਸੇ ਹੰਉਮੈ ਪਾਪਾ ਰਾਮ ॥
ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਲਥਿਅੜੇ ਜਗਿ ਤਾਪਾ ਰਾਮ ॥
ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨ ਕੇ ਦੁਖ ਪਾਪ ਨਿਵਾਰੇ ॥
ਸਤਿਗੁਰਿ ਗਿਆਨ ਖੜਗੁ ਹਥਿ ਦੀਨਾ ਜਮ ਕੰਕਰ ਮਾਰਿ ਬਿਦਾਰੇ ॥
ਹਰਿ ਪ੍ਰਭਿ ਕ੍ਰਿਪਾ ਧਾਰੀ ਸੁਖਦਾਤੇ ਦੁਖ ਲਾਥੇ ਪਾਪ ਸੰਤਾਪਾ ॥
ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮੁ ਸਭਿ ਬਿਨਸੇ ਹੰਉਮੈ ਪਾਪਾ ॥੨॥
ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਮੇਰੈ ਮਨਿ ਭਾਇਆ ਰਾਮ ॥
ਮੁਖਿ ਗੁਰਮੁਖਿ ਮੁਖਿ ਗੁਰਮੁਖਿ ਜਪਿ ਸਭਿ ਰੋਗ ਗਵਾਇਆ ਰਾਮ ॥
ਗੁਰਮੁਖਿ ਜਪਿ ਸਭਿ ਰੋਗ ਗਵਾਇਆ ਅਰੋਗਤ ਭਏ ਸਰੀਰਾ ॥
ਅਨਦਿਨੁ ਸਹਜ ਸਮਾਧਿ ਹਰਿ ਲਾਗੀ ਹਰਿ ਜਪਿਆ ਗਹਿਰ ਗੰਭੀਰਾ ॥
ਜਾਤਿ ਅਜਾਤਿ ਨਾਮੁ ਜਿਨ ਧਿਆਇਆ ਤਿਨ ਪਰਮ ਪਦਾਰਥੁ ਪਾਇਆ ॥
ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਮੇਰੈ ਮਨਿ ਭਾਇਆ ॥੩॥ (ਵਡਹੰਸੁ ਮਹਲਾ ੪, ਪੰਨਾ ੫੭੪)


www.AKJ.Org

ਵਿਆਖਿਆ—ਗੁਰਮਤਿ ਗੁਰ-ਦੀਖਿਆ ਦੁਆਰਾ ਗੁਰਮੁਖਿ ਨਾਮ (ਵਾਹਿਗੁਰੂ ਨਾਮ) ਨੂੰ ਸੁਣ ਅਤੇ ਸੁਣੀ ਜਾਣ ਕਰਕੇ ਸਾਰੇ ਰੋਗ ਅਤੇ ਪਾਪ ਬਿਨਸ ਗਏ (ਇਹ ਹਡ-ਵਰਤਿਆ ਤਜਰਬਾ ਨਾਮ ਸੁਣਨ ਦੀ ਪਾਰਸ-ਕਲਾ ਦਾ ਹੈ) ਅਤੇ ਗੁਰਮਤਿ ਨਾਮ ਨੂੰ ਜਪ ਜਪ ਕੇ ਸਭਿ ਜਗਿ ਤਾਪ ਖੰਡੇ ਗਏ, ਉਕੇ ਹੀ ਲਹਿ ਗਏ ਹਨ। ਨਾਮ ਸੁਣਨ ਅਤੇ ਜਪਣ ਦੀ ਇਹ ਸਾਂਝੀ ਆਕਰਖਣ ਕਲਾ ਹੈ। ਸੁਣਨ ਅਤੇ ਮੰਨਣ ਦੀ ਸਾਂਝੀ ਸੰਧ ਵਿਚ ਜਪੇ ਨਾਮ ਦਾ ਇਹ ਬਚਿੱਤਰ ਕ੍ਰਿਸ਼ਮਾ ਹੈ ਕਿ ਨਾਮ ਅਰਾਧਨ ਸਮੇਂ ਨਾਮ ਸੁਣਨ ਵਾਲਾ ਅਭਿਆਸ ਭੀ ਹੁੰਦਾ ਹੈ, ਨਾਲੇ ਮੰਨਣ ਰੂਪੀ ਜਾਪ ਭੀ ਹੁੰਦਾ ਰਹਿੰਦਾ ਹੈ। ਇਸ ਬਿਧਿ ਇਹ ਗੁਰਮਤਿ ਨਾਮ ਅਰਾਧਨ ਰੂਪੀ ਨਾਮ ਅਭਿਆਸ ਸੋਲ੍ਹਾਂ ਕਲਾ ਸੰਪੂਰਨ ਹੋ ਜਾਂਦਾ ਹੈ। ਇਸ ਬਿਧਿ ਸੁਣਨ ਮੰਨਣ ਦੀ ਸਾਂਝੀ ਸੰਧ ਵਾਲਾ ਨਾਮ ਜਿਨ੍ਹਾਂ ਨੇ ਅਰਾਧਿਆ ਹੈ, ਤਿਨ੍ਹਾਂ ਦੇ ਦੂਖ ਪਾਪ ਸਭ ਨਿਵਾਰਨ ਹੋ ਗਏ ਹਨ। ਨਿਜ ਤਜਰਬੇ ਤੋਂ ਇਹ ਪੱਕੀਆਂ ਅਜ਼ਮਾਇਸ਼ਾਂ ਹਨ। ਸਤਿਗੁਰੂ ਦੁਆਰਿਓਂ ਗੁਰਸਿਖਾਂ ਨੂੰ ਸਿਮਰਨ ਰੂਪੀ ਨਾਮ ਦਾ ਇਹ ਖੜਕ ਦਸਤਯਾਬ ਹੋਇਆ ਹੈ, ਜਿਸ ਦੀ ਸ਼ਕਤ ਤੇ ਤੇਜ ਪਰਤਾਪ ਨਾਲ ਜਮ ਕੰਕਰ ਮਾਰ ਕੇ ਬਦਾਰ ਦਿਤੇ ਗਏ ਹਨ। ਸੁਖਦਾਤੇ ਹਰੀ ਪ੍ਰਭੂ ਪ੍ਰਮਾਤਮਾ ਨੇ ਸਤਿਗੁਰੂ ਦੇ ਰਾਹੀਂ ਜਿਨ੍ਹਾਂ ਉਪਰ ਇਹ ਕਿਰਪਾ ਰੂਪੀ ਪ੍ਰਸਾਦ ਨਿਛਾਵਰ ਕੀਤਾ, ਤਿਨ੍ਹਾਂ ਦੇ ਸਭ ਪਾਪ ਸੰਤਾਪ ਲਥ ਗਏ। 'ਵਾਹਿਗੁਰੂ' ਨਾਮ ਗੁਰਮੰਤ੍ਰ ਰੂਪੀ ਗੁਰ-ਦੀਖਿਆ ਸਮੇਂ ਅਤੇ ਸਿਮਰਨ ਰਾਹੀਂ ਸੁਣ ਸੁਣ ਕੇ ਸਭਿ ਪਾਪ ਹਉਮੈ ਰੋਗ ਬਿਨਸ ਗਏ। ਬਾਰੰਬਾਰ ਜਪ ਜਪ ਕੇ ਹੀ ਜਪਣਹਾਰੇ ਨੂੰ ਗੁਰਮਤਿ ਨਾਮ ਖ਼ੂਬ ਭਾਇਆ ਹੈ। ਇਹ ਗੱਲ ਨਾਮ ਜਪਣਹਾਰਿਆਂ ਨੇ ਆਪ ਤਜਰਬਾ ਕਰ ਕੇ ਖ਼ੂਬ ਦੇਖ ਲਈ ਹੈ। ਮੁਖੋਂ ਗੁਰਮਤਿ ਗੁਰ-ਦੀਖਤ-ਨਾਮ ਵਾਹਿਗੁਰੂ ਜਪ ਜਪ ਕੇ ਸਭ ਰੋਗਾਂ ਘਾਣ ਵਾਲਾ ਪਰਤਿਆਵਾ ਕਰ ਕੇ ਅਬਿਨਾਸ਼ੀ ਜਨਾਂ ਵੇਖ ਵਰਤ ਲਿਆ ਹੈ। ਵਾਹਿਗੁਰੂ ਨਾਮ ਜਪ ਜਪ ਕੇ ਸਾਰੇ ਹੀ ਰੋਗ ਗਵਾ ਲਏ ਹਨ। ਜਪਣਹਾਰਿਆਂ ਦਾ ਇਹ ਜ਼ਾਤੀ ਤਜਰਬਾ ਹੈ ਕਿ ਇਹ ਗੁਰਮਤਿ ਨਾਮ ਜਪ ਕੇ ਓਹ ਅਰੋਗ ਨਿਰਦੋਖ ਹੋ ਗਏ ਹਨ। ਅਤੇ ਇਸ ਗਹਿਰ ਗੰਭੀਰ ਤੇ ਗੁਰਮਤਿ ਨਾਮ ਜਾਪ ਦੇ ਪ੍ਰਤਾਪ ਕਰਕੇ ਉਹਨਾਂ ਦੀ ਹਰੀ ਪ੍ਰਮਾਤਮਾ ਵਿਖੇ ਸਹਿਜ ਸਮਾਧ ਲਗ ਗਈ ਹੈ, ਅਤੇ ਦਿਨ ਰਾਤ ਲਗੀ ਰਹਿੰਦੀ ਹੈ। ਗਹਿਰ ਗੰਭੀਰ ਜਾਪ ਦੇ ਪਾਰਸ ਪ੍ਰਭਾਵੀ ਪਰਤਾਪ ਦੀ ਇਹ ਪਰਤੱਖ ਪੇਖੀ ਸ਼ਹਾਦਤ ਹੈ।

ਇਹ ਸਹਿਜ ਸਮਾਧੀ ਗੁਰਮਤਿ-ਨਾਮ-ਜਾਪ ਕਮਾਈ ਦੇ ਪਰਤਾਪ ਨਾਲ ਲਗਦੀ ਹੈ। **ਸਮਾਧੀ ਤੋਂ ਪਹਿਲਾਂ ਨਾਮ ਦੀ ਪ੍ਰਾਪਤੀ ਅਤੇ ਗੁਰਮਤਿ ਦੁਆਰਾ ਪ੍ਰਾਪਤ ਹੋਏ ਨਾਮ ਦੀ ਅਤੁਟ ਕਮਾਈ ਪਰਮ ਲਾਜ਼ਮੀ ਹੈ, ਨਾ ਕਿ ਟੀਕਾਕਾਰ ਦੇ ਖ਼ਿਆਲੀ ਫ਼ਲਸਫ਼ੇ ਅਨੁਸਾਰ ਸਮਾਧੀ ਪਿਛੋਂ ਨਾਮ ਸੁਣਾਈ ਦਿੰਦਾ ਹੈ।** ਗੁਰਮਤਿ ਨਾਮ ਦੁਆਰਾ ਧਿਆਏ ਤੋਂ ਹੀ ਇਹ ਸਹਿਜ ਸਮਾਧੀ ਵਾਲਾ ਪਰਮ ਪਦਾਰਥ ਪ੍ਰਾਪਤ ਹੁੰਦਾ ਹੈ, ਐਵੇਂ ਨਹੀਂ। ਇਹ ਗੁਰਮਤਿ ਨਾਮ ਭਾਵੇਂ ਕਿਸੇ ਭੀ ਕਰੋੜੀ ਜ਼ਾਤੀ ਵਾਲੇ ਛੂਤ ਅਛੂਤ ਨੇ ਗੁਰਮਤਿ ਜੁਗਤੀ ਅਨੁਸਾਰ ਧਿਆਇਆ, ਉਸ ਦੀ ਹੀ ਪਰਮ ਗਤੀ ਹੋ ਗਈ ਹੈ, ਤੇ ਉਸ ਨੂੰ ਹੀ ਇਹ ਪਰਮ ਪਦਾਰਥ ਪ੍ਰਾਪਤ ਹੋ ਗਿਆ ਹੈ। ਇਹ ਸ਼ਹਾਦਤ ਭੀ ਸਤਿਗੁਰ ਸਾਹਿਬ ਦੇ ਪੇਖੇ ਪਰਖੇ ਜ਼ਾਤੀ ਤਜਰਬੇ ਦੀ ਹੈ, ਐਸੇ ਪਾਰਸ-ਪਰਤਾਪੀ-ਗੁਰਮਤਿ-ਨਾਮ ਦਾ ਨੀਚਹੁ ਊਚ ਕਰਨਹਾਰਾ ਮੁਅਜਜ਼ਾ ਵੀ ਨਾਮ ਦਾ ਬਾਰੰਬਾਰ ਜਾਪ ਜਪਣਾ ਸਤਿਗੁਰ ਸਾਹਿਬ ਫ਼ੁਰਮਾਉਂਦੇ ਹਨ। ਅਗਲਾ ਗੁਰਵਾਕ ਨਾਮ ਮੰਨਣ ਦੀ ਮਹਿਮਾ, ਸਿਫ਼ਤਿ ਸਾਲਾਹੀ ਮਹਿਮਾ ਖ਼ੂਬ ਨਿਖਾਰ ਕੇ ਪਰਗਟ ਕਰਦਾ ਹੈ। ਯਥਾ :

ਹਰਿ ਜੀਉ ਨਿਰਮਲ ਨਿਰਮਲਾ ਨਿਰਮਲ ਮਨਿ ਵਾਸਾ ॥ ਗੁਰਮਤੀ ਸਾਲਾਹੀਐ ਬਿਖਿਆ ਮਾਹਿ ਉਦਾਸਾ ॥...
ਨਾਮੁ ਸੁਣੀਐ ਨਾਮੁ ਮੰਨੀਐ ਨਾਮੇ ਵਡਿਆਈ ॥ ਨਾਮੁ ਸਲਾਹੇ ਸਦ ਸਦਾ ਨਾਮੇ ਮਹਲੁ ਪਾਈ ॥

ਆਸਾ ਮਹਲਾ ੩, ਪੰਨਾ ੪੨੬

ਇਹ ਸੁਣਿਆ, ਮੰਨਿਆ ਨਾਮ ਗੁਰਮਤਿ ਮਨ ਮਾਨਿਆ ਨਾਮ ਹੈ, ਨਾ ਕਿ ਐਵੇਂ ਢਕੋਸਲਕ ਦਿਮਾਗੀ ਖੋਜ ਨਾਲ ਇਨਫ਼ਰਿਆ। ਇਨਫ਼ਰ (infer) ਕੀਤੇ ਨਾਮ (ਇਨਫ਼ਰਤ ਨਾਮ) ਦੇ ਜਾਪ ਦੀ ਹੀ ਲੋੜ ਨਹੀਂ, ਇਨਫ਼ਰੀਆਂ ਦੀ ਕਿਆਸੀ ਇਨਫ਼ਰ-ਬਾਜ਼ੀ ਅਨੁਸਾਰ। ਦੇਖੋ ਅਗਲਾ ਗੁਰਵਾਕ ਕੀ ਖੁੱਪੇ ਖੋਲ੍ਹਦਾ ਹੈ :

ਨਾਮੁ ਲੈਤ ਕਿਛੁ ਬਿਘਨੁ ਨ ਲਾਗੈ ॥ ਨਾਮੁ ਸੁਣਤ ਜਮੁ ਦੂਰਹੁ ਭਾਗੈ ॥ [ਭੈਰਉ ਮਹਲਾ ੫, ੧੧੫੦



[ਬਾਕੀ ਸਫ਼ਾ ੧੫ ਦੇ ਹੇਠ]



www.AKJ.Org

# ਸਭ ਤੇ ਵਡਾ ਸਤਿਗੁਰੁ ਨਾਨਕੁ

[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਸੰਸਾਰ ਵਿਖੇ ਜੋ ਜੋ ਔਲੀਆ, ਅੰਬੀਆ, ਗੌਂਸ, ਪੈਗੰਬਰ, ਅਵਤਾਰ ਹੋਏ, ਓਹਨਾਂ ਦੇ ਮੁਰਾਤਬੇ ਦੀ ਵਡਿਆਈ ਉਹਨਾਂ ਦੇ ਸੰਸਾਰ ਪ੍ਰਤੀ ਵਰੋਸਾਏ ਦਾਤਿ-ਜੋਤੀ-ਕਰਤੱਵ ਤੋਂ ਹੀ ਪੇਖੀ-ਪਰਖੀ ਜਾਂਦੀ ਹੈ। ਸੰਸਾਰੀਆਂ ਲਈ ਸਭ ਤੋਂ ਵੱਡੀ ਦਾਤਿ ਓਹ ਹੈ ਜੋ ਸੰਸਾਰੀਆਂ ਨੂੰ ਸੰਸਾਰ ਤੋਂ ਉੱਚਾ ਕਰ ਦਿਖਲਾਏ, ਜੋ ਸੰਸਾਰੀਆਂ ਨੂੰ ਸੰਸਾਰਰਤ ਭਾਵ ਤੋਂ ਉਚੇਰੇ ਆਤਮ-ਮੰਡਲ ਵਿਖੇ ਉਡਾਰੀਆਂ ਦੇਣ ਲਈ ਸ਼ਕਤਿ-ਪੰਖ ਪ੍ਰਦਾਨ ਕਰੇ, ਜੋ ਆਤਮ ਪਰਮਾਤਮ ਦੇ ਸੰਗਮ (ਮੇਲ) ਝਲਕਾਰੇ ਦਿਖਲਾਉਣ ਲਈ ਪਾਰਸ-ਕਲਾ ਵਾਲੇ ਵਰਤਾਰੇ ਪਰਤੱਖ ਵਰਤਾਣ ਨੂੰ ਸਮਰੱਥ ਹੋਵੇ। ਸਭ ਤੋਂ ਵੱਡੀ ਦਾਤਿ ਓਹ ਹੈ ਜੋ ਸਭ ਤੋਂ ਵੱਡੇ ਸਾਹਿਬ ਅਲੱਖ ਦਾਤਾਰ, ਸਾਰੀ ਸ੍ਰਿਸ਼ਟੀ ਦੇ ਸਿਰਜਨਹਾਰ ਨੂੰ, ਅਗਮ ਅਗੋਚਰ ਅਤੇ ਸਰਬੱਗ ਕਰਤਾਰ ਨੂੰ ਅਸਾਂ ਪੰਜ-ਭੂਤਕੀ ਸ੍ਰਿਸ਼ਤ (ਖ਼ਮੀਰ) ਵਾਲੇ ਸਿਰਜੇ ਸੰਸਾਰੀ ਅਲਪੱਗ ਜੀਵਾਂ ਪ੍ਰਤੀ ਸਾਂਗੋ-ਪਾਂਗ ਲਖਾਇਕ ਹੋਵੇ।

ਅਜਿਹੀ ਸਭ ਤੋਂ ਉੱਚੀ ਸੁੱਚੀ ਅਤੇ ਸਭ ਤੋਂ ਵੱਡੀ ਦਾਤਿ ਦਾ ਲਖਾਵਣਹਾਰ ਦਾਤਾਰ ਨਿਰਸੰਦੇਹ ਸਭ ਤੋਂ ਵੱਡਾ ਸਤਿ ਪੁਰਖ ਹੈ। ਜੋਤਿ ਪ੍ਰਕਾਸ਼ ਨੂੰ ਗੁਪਤੋਂ ਪ੍ਰਗਟ ਕਰਨਹਾਰਾ ਹੀ ਸੱਚਾ ਸਤਿਗੁਰੂ ਸਭ ਤੋਂ ਵੱਡਾ ਸਤਿਗੁਰੂ ਹੈ। ਏਸ ਦਾਤਿ ਜੋਤਿ ਦੀ ਵਡਿਆਈ ਕਰਕੇ ਹੀ ਸਭ ਤੋਂ ਵੱਡਾ ਹੈ। ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਧੁਰ ਦਰਗਾਹੋਂ ਸਭ ਤੋਂ ਵੱਡੀ ਦਾਤਿ ਇਲਾਹੀ ਨਾਮ ਦੀ ਬਖ਼ਸ਼ਿਸ਼ (ਦਾਤਿ) ਪਾਈ ਅਤੇ ਸੰਸਾਰ ਵਿਚ ਆ ਕੇ ਪ੍ਰਗਟ ਕਰਿ ਵਰਤਾਈ।

ਇਹ ਦਾਤਿ ਕੀ ਸੀ, ਜੀਵਾਂ ਨੂੰ ਜੀਆ-ਦਾਨ ਦੇਣ ਵਾਲੀ ਜੀਵਨ-ਬੂਟੀ ਸੀ। ਇਸ ਬਿਹੂਣ ਸਾਰਾ ਸੰਸਾਰ ਰੋਗੀ ਹੀ ਸੀ। ਨਾਮ-ਅਉਖਧੀ ਲਿਆਂਦੀ ਤਾਂ ਕੇਵਲ ਸਤਿਗੁਰੂ ਨਾਨਕ ਸਾਹਿਬ ਸੱਚੇ ਸਤਿਗੁਰੂ ਨੇ ਲਿਆਂਦੀ। ਇਸ ਅਮੋਲਕ ਅਉਖਧੀ ਦੀ ਕਦਰ-ਕੀਮਤ, ਜਾਂਚ ਪਰਖ ਵੈਦ ਗੁਰੂ ਦੇ ਬਾਝ ਭਲਾ ਹੋਰ ਕਿਸੇ ਨੂੰ ਕੀ ਹੋ ਸਕਦੀ ਹੈ !

ਜਨਮ-ਜਨਮਾਂਤਰਾਂ ਦੇ ਰੋਗੀ ਸੰਸਾਰੀ ਜੀਵ ਆਪੋ ਆਪਣੀਆਂ ਅਲਪੱਗ ਬੁਧੀਆਂ ਅਤੇ ਰੋਗ-ਗ੍ਰਸਤ ਅਰਥਾਂ ਦੁਆਰਾ ਸਰਬੱਗ ਦਾਤੇ ਦੀ ਜੋਤਿ-ਦਾਤਿ ਨੂੰ ਪਰਖਣ ਦੀ ਢੀਠਤਾ ਕਰਨ ਤਾਂ ਉਹਨਾਂ ਦੀ ਮਹਿਜ਼ ਮੂੜ੍ਹ ਮੱਤ ਹੈ। ਇਹ ਕੈਸੀ ਅਣਹੋਣੀ ਗੱਲ ਹੈ ਕਿ ਰੋਗ-ਆਤਰ ਬੀਮਾਰ ਲੋਗ ਆਪਣੀ ਬੀਮਾਰੀ ਦਾ ਇਲਾਜ ਆਪੇ ਹੀ ਕਰ ਸਕਣ। ਰੋਗੀਆਂ ਨੂੰ ਆਪਣੇ ਰੋਗ ਦਾ ਹੀ ਪਤਾ ਨਹੀਂ, ਦਾਰੂ ਕੀ ਕਰ ਸਕਦੇ ਸਨ ? ਸਾਰਾ ਸੰਸਾਰ ਰੋਗੀ, ਇਸ ਸੰਸਾਰ ਵਿਚੋਂ ਅਗੇ ਬਣ ਬਣ ਬੈਠਣ ਵਾਲੇ ਸਿਆਣੇ ਵੈਦ ਭੀ ਰੋਗੀ, 'ਨਾ ਕੋਈ ਰੋਗ ਪਛਾਣੈ, ਨ ਦਾਰੂ ਜਾਣੈ।' ਰੋਗ ਕਿਵੇਂ ਦੂਰ ਹੋ ਸਕੇ ? ਅਲਪੱਗ ਅਕਲਾਂ ਵਾਲੇ ਸਹਿਸ ਸਿਆਣਪਾਂ ਕਰਿ ਥਕੇ, ਪਰ ਇਹ ਰੋਗ ਨ ਦੂਰ ਹੋਇਆ।

ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥੨॥੨੨॥ [ਮ: ੨, ਵਾਰ ਮਾਝ—੧੪੮

ਐਸਾ ਵੈਦ ਸੁਜਾਨ ਆਮ ਅਲਪਗ ਸੰਸਾਰੀਆਂ ਵਿਚੋਂ ਕਿਵੇਂ ਬਣ ਸਕੇ ? ਨਿਰੰਕਾਰੀ ਕਲਾ ਵਾਲੇ ਸਰਬੱਗ ਅਤੇ ਸਮਰੱਥ ਮਹਾਂ ਪੁਰਖ ਅਤੇ ਨਿਰੰਕਾਰ ਦੀ ਧੁਰ ਦਰਗਾਹ ਤੋਂ ਨਾਮ-ਅਉਖਧੀ ਦੀ ਨਿਰੰਕਾਰੀ ਦਾਤਿ ਲੈ ਕੇ ਗੁਰੂ ਨਾਨਕ ਨਿਰੰਕਾਰੀ ਇਸ ਸੰਸਾਰ ਵਿਖੇ ਵੈਦ, ਰੋਗੀਆਂ ਦੇ ਹੋ ਕੇ ਪ੍ਰਗਟੇ। ਇਸ ਵੈਦ-ਗੁਰੂ ਦੀ ਵੈਦਗੀ ਦੀ ਅਕਲ ਕਲਾ ਨੂੰ ਅਲਪਗ ਰੋਗੀ ਜੀਵ ਕੀ ਜਾਣਨ ? ਉਹਨਾਂ ਨੂੰ ਤਾਂ ਏਨੀ ਹੋਸ਼ ਭੀ ਨਹੀਂ ਕਿ ਅਸੀਂ ਰੋਗੀ ਹਾਂ। ਰੋਗਾਂ ਵਿਚ ਲਥ ਪਥ ਹੋਇਆਂ ਨੂੰ ਭੀ ਆਪਣੇ ਅਸਾਧ ਰੋਗਾਂ ਦਾ ਅਹਿਸਾਸ ਨਹੀਂ। ਭਲਾ ਓਹ ਰੋਗ-ਨਵਿਰਤੀ ਦਾ ਤਰਲਾ ਕਿਵੇਂ ਲੈਣ ?

ਸੱਚੇ ਵੈਦ ਸਤਿਗੁਰ ਨਾਨਕ ਦੇਵ ਜੀ ਨੇ ਪਹਿਲਾ ਉਪਕਾਰ ਇਹ ਕੀਤਾ ਕਿ ਡੰਕੇ ਦੀ ਚੋਟ ਨਾਲ ਰੋਗੀਆਂ ਨੂੰ ਰੋਗਾਂ ਦੀ ਸੋਝੀ ਕਰਾਈ। ਰੋਗੀ ਜਦੋਂ ਰੋਗਾਂ ਨੂੰ ਪ੍ਰਤੀਤ ਕਰ ਉਠੇ ਤਾਂ ਬਿਲਲਾਟ ਬੇਨਤੀਆਂ ਕਰ ਉਠੇ। ਇਸ ਬਿਧਿ ਦੂਜੇ ਉਪਕਾਰ-ਡੰਕੇ ਦੁਆਰਾ ਸਤਿਗੁਰ ਨਾਨਕ ਦੇਵ ਜੀ ਨੇ ਰੋਗੀਆਂ ਨੂੰ ਰੋਗ-ਅਉਖਧੀ-ਅਨੂਪਮ ਦਾ ਅਧਿਕਾਰੀ ਬਣਾਇਆ ਅਤੇ ਅਉਖਧ-ਸੰਜਮੀ-ਦਾਰੂ ਗ੍ਰਹਿਣ ਕਰਨ ਲਈ ਜਗਾ ਕੇ ਸਾਵਧਾਨ ਕਰਾਇਆ। ਬਸ !



www.AKJ.Org

ਫੇਰ ਕੀ ਸੀ, ਫੇਰ ਤਾਂ ਤਨਕ ਮਾਤਰ ਨਾਮ ਦੀ ਅੰਮ੍ਰਿਤ ਬੂੰਦ ਪਾਨ ਦਵਾਰੇ ਜਨਮ ਜਨਮ ਦੇ ਰੋਗੀਆਂ ਨੂੰ ਅਮਰ ਕਰ ਦਿੱਤਾ। ਐਸਾ ਅਰੋਗ ਕੀਤਾ ਕਿ ਫਿਰ ਰੋਗ ਦੀ ਸਮਾਈ ਨਾ ਰਹੀ। ਇਹ ਸੱਚਾ ਉਪਕਾਰ ਸੱਚੇ ਵੈਦ ਗੁਰੂ, ਗੁਰੂ ਨਾਨਕ ਸਾਹਿਬ ਜੀ ਮਹਾਰਾਜ ਨੇ ਤ੍ਰਿਲੋਕੀ ਦੇ ਰੋਗਾਂ ਨਾਲ ਤਰੱਕ ਰਹੇ ਅਤੇ ਤ੍ਰਾਹ ਤ੍ਰਾਹ ਕਰ ਰਹੇ ਜੀਵਾਂ ਉਤੇ ਤਰਸ ਖਾ ਕੇ ਕੇਵਲ ਉਪਕਾਰ ਦੀ ਖ਼ਾਤਰ ਹੀ ਕੀਤਾ। ਸਚਮੁਚ–

ਜੀਅ ਦਾਨੁ ਦੇ ਭਗਤੀ ਲਾਇਨਿ, ਹਰਿ ਸਿਉ ਲੈਨਿ ਮਿਲਾਏ ॥੨॥੫੪॥ (ਪੰਨਾ ੭੪੯)

ਵਾਲਾ ਉਪਕਾਰ ਸੱਚਾ ਅਤੇ ਸਭ ਤੋਂ ਉੱਚਾ ਸੁੱਚਾ ਪਰਉਪਕਾਰ ਹੈ। ਐਸੇ ਪਰਉਪਕਾਰੀ ਜਨ ਪ੍ਰਿਥਮ ਇਸ ਸੰਸਾਰ ਉਤੇ, ਕਲਜੁਗ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਪ੍ਰਗਟ ਹੋਏ। ਵਾਹ! 'ਜੇਵਡੁ ਆਪਿ ਤੇਵਡ ਤੇਰੀ ਦਾਤਿ ॥'* ਅਜਿਹੀ ਉਚੀ ਸੁਚੀ ਧੁਰ ਦੇ ਮਹਾਂ ਪੁਰਖਾਂ ਪ੍ਰਤੀ ਧੁਰੋਂ ਆਈ ਨਾਮ-ਦਾਤਿ-ਦਾਰੂ ਦੀ ਅਗੰਮ ਫ਼ਿਲਾਸਫ਼ੀ ਨੂੰ ਅਲਪੱਗ ਅਕਲਾਂ ਵਾਲੇ ਸੰਸਾਰੀ ਲੋਕ ਆਪਣੀ ਮਨ ਦੀ ਮਤਿ ਦੁਆਰਾ ਜਾਂਚਿਆ ਲੋੜਦੇ ਹਨ। ਕਿਡੀ ਅਹਿਮਕਾਨਾ ਹਰਕਤ ਹੈ! ਗੁਰੂ ਦੀ ਏਵਡ ਉਚੀ ਨਿਰੰਕਾਰੀ ਦਾਤਿ ਨੂੰ ਗੁਰੂ ਦੀ ਬਖ਼ਸ਼ੀ ਮਤਿ ਗੁਰੂ-ਮਤਿ ਦੁਆਰਾ ਹੀ ਲਖਿਆ ਜਾ ਸਕਦਾ ਹੈ।

ਅੰਮ੍ਰਿਤ ਨਾਮ ਦੁਆਰਾ ਅਮਰ ਹੋਈ ਮਤਿ ਹੀ ਸੱਚੀ ਗੁਰਮਤਿ ਹੈ। ਲੋਕੀ ਪਈ ਸਹਿਸ ਸਿਆਣਪ ਵਿਚ ਖਚਤ ਹੋਈ ਫਿਰਦੀ ਹੈ। ਪਹਿਲਾਂ ਤਾਂ ਕਿਸੇ ਨੂੰ ਨਾਮ ਦੇ ਉਪਰ ਸ਼ਰਧਾ ਹੀ ਨਹੀਂ ਆਉਂਦੀ। ਜੇ ਭਲਾ ਗੁਰੂ ਦਾ ਨਾਮ-ਧਰੀਕ ਸਿਖ ਬਣਨ ਕਰਕੇ ਕਿਸੇ ਪ੍ਰਾਣੀ ਨੂੰ ਨਾਮ ਉਤੇ ਸ਼ਰਧਾ ਆ ਭੀ ਗਈ ਤਾਂ "ਨਾਮ ਦੀ ਪਾਰਸ-ਕਲਾ" ਉਤੇ ਸ਼ਰਧਾ ਨਹੀਂ ਆਉਂਦੀ। ਐਵੇਂ ਨਿਕੰਮੀਆਂ ਉਕਤੀਆਂ ਯੁਕਤੀਆਂ ਦੁਆਰੇ ਧਿਙਾਣੇ ਪਏ ਖਿੰਜੋਤਾਣ ਕਰਾਉਂਦੇ ਫਿਰਦੇ ਹਨ। ਆਪਣੀਆਂ ਮਨ ਦੀਆਂ ਮਤਾਂ ਨਾਲ ਪਏ ਯੁਕਤੀਆਂ ਘੜਦੇ ਹਨ। ਓਹਨਾ ਦੇ ਭਾ ਦਾ ਨਾਮ ਓਹ ਹੋਣਾ ਚਾਹੀਦਾ ਹੈ, ਜਿਸ ਦੇ ਸਮਝਣ ਵਿਚ ਬਹੁਤੀਆਂ ਗੁੰਝਲਾਂ ਹੋਣ। ਪਏ ਅਕਲੀ ਢਕੋਂਸਲੇ ਦੁੜਾਉਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੱਗਰ ਬਾਣੀ ਪੁਕਾਰ ਪੁਕਾਰ ਕੇ ਨਾਮ ਜਪਣ ਦਾ ਢੰਡੋਰਾ ਦਿੰਦੀ ਹੈ, ਪਰ ਮਨ ਦੀ ਮਤਿ ਨਾਲ ਮੈਲੀਆਂ ਹੋਈਆਂ ਸੁੱਤ-ਸੁਰਤੀਆਂ ਉਤੇ ਟਕੋਰ ਹੀ ਨਹੀਂ ਵਜਦੀ। ਸਤਿਗੁਰ ਸੱਚੇ ਪਾਤਸ਼ਾਹ ਦਾ ਹੁਕਮਾਂ ਸਿਰ ਹੁਕਮ ਸਿਫਤ-ਸਾਲਾਹ ਹੈ। ਇਸ ਹੁਕਮ ਨੂੰ ਮੰਨ ਕੇ ਹੀ, ਇਸ ਹੁਕਮ ਉਪਰ ਚਲ ਕੇ ਹੀ ਅਸੀਂ ਹੁਕਮੀ ਬੰਦੇ ਸਿਖ ਅਖਵਾ ਸਕਦੇ ਹਾਂ। ਇਸ ਹੁਕਮ ਉਪਰ ਚੱਲੇ ਬਿਹੂਣ ਅਸੀਂ ਆਤਮ ਰਹੱਸ, ਆਤਮ ਕਲਾ ਤੋਂ ਕੋਰੇ ਅਤੇ ਝੂਠੇ ਨਾਮ-ਧਰੀਕ ਸਿਖ ਹੀ ਹਾਂ। ਗੁਰਮੁਖ ਪਦਵੀ ਸਾਨੂੰ ਪ੍ਰਾਪਤ ਨਹੀਂ ਹੋ ਸਕਦੀ, ਜਦ ਤਾਈਂ ਕਿ ਸੁਆਸ ਸੁਆਸ ਨਾਮ ਅਭਿਆਸ ਦਾ ਪਰਚਾ ਅਸਾਡੇ ਅੰਤਰ ਆਤਮੇ ਨਾ ਪੈ ਜਾਵੇ। ਇਸ ਸੁਆਸ ਸੁਆਸ ਅਭਿਆਸ ਨੂੰ ਦ੍ਰਿੜ੍ਹਾਵਣ ਹਿਤ ਸਮੂਹ ਗੁਰਬਾਣੀ ਗੁਰ-ਫ਼ੁਰਮਾਨ ਹੋ ਕੇ ਅਸਾਨੂੰ ਖਿਨ ਖਿਨ ਹਦਾਇਤ ਕਰਦੀ ਹੈ। ਜੇ ਅਸੀਂ ਏਸ ਸੱਚੇ ਗੁਰ-ਫ਼ੁਰਮਾਨ ਨੂੰ, ਹੁਕਮਨ ਸ੍ਰਿਰ ਹੁਕਮ ਸਿਫ਼ਤ ਸਾਲਾਹ ਨੂੰ ਨਾ ਮੰਨੀਏ ਅਤੇ ਇਸ ਦੀ ਕਮਾਈ ਨਾ ਕਰੀਏ ਤਾਂ ਕੀ ਅਸੀਂ ਸਚਿਆਰ ਸਿਖ, ਸਤਿਗੁਰੂ ਦੇ ਆਗਿਆਂਕਾਰ ਸਿਖ ਸਦਵਾਉਣ ਦੇ ਅਧਿਕਾਰੀ ਸਦੱ ਸਕਦੇ ਹਾਂ? ਨਹੀਂ! ਕਦਾਚਿਤ ਨਹੀਂ। ਸਗੋਂ ਇਸ ਤਤਸਾਰ ਹੁਕਮ ਦੀ ਨਾ-ਫ਼ੁਰਮਾਨੀ ਕਰਦੇ ਹੋਏ ਅਸੀਂ ਇਕ ਪ੍ਰਕਾਰ ਸਤਿਗੁਰੂ ਤੋਂ ਬਾਗੀ ਅਤੇ ਮੁਨਹਰਫ ਨਾਮ-ਧਰੀਕ ਸਿਖ ਹਾਂ। ਸੱਚ ਤਾਂ ਇਹ ਹੈ ਕਿ ਅਸੀਂ ਸਤਿਗੁਰੂ ਦੀ ਬਾਣੀ ਸਤਿ ਸਤਿ ਕਰਕੇ ਨਹੀਂ ਮੰਨਦੇ, ਜੈਸਾ ਕਿ ਹੁਕਮ ਹੈ–

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥...੨॥(੧੪)
ਗਉੜੀ ਕੀ ਵਾਰ, ਮਹਲਾ ੪, ਪੰਨਾ ੩੦੮

ਜੇ ਅਸੀਂ ਸਤਿਗੁਰ ਦੀ ਬਾਣੀ ਸਤਿ ਸਤਿ ਕਰ ਮੰਨੀਏ ਤਾਂ ਅਸੀਂ ਇਕ ਵਿਖ ਇਕ ਨਿਮਖ ਭਰ ਭੀ ਸਤਿਗੁਰ ਦੇ ਹੁਕਮ ਤੋਂ ਬਾਹਰ ਨਹੀਂ ਚਲ ਸਕਦੇ ਅਤੇ ਆਪਣਾ ਕੋਈ ਸੁਆਸ ਭੀ ਨਾਮ ਅਭਿਆਸ ਤੋਂ ਸਖਣਾ ਅਤੇ ਬਿਰਥਾ ਨਹੀਂ ਗੁਆ ਸਕਦੇ। ਨਿਤਾਪ੍ਰਤ ਗੁਰਬਾਣੀ ਦਾ ਪਾਠ ਕਰਦੇ ਹੋਏ ਅਸੀਂ ਏਸ ਸੱਚੇ ਹੁਕਮ ਦਾ ਉਲੰਘਣ ਕਰਦੇ ਹਾਂ। ਕਾਰਨ ਇਹ ਕਿ ਅਸਾਨੂੰ ਇਹ ਹੁਕਮ ਪੁੰਹਦਾ ਨਹੀਂ। ਅਸਾਡੇ ਹਿਰਦੇ ਅੰਦਰ ਇਸ ਹੁਕਮ ਨੂੰ ਸਤਿ ਕਰਿ ਮੰਨਣ ਦੀ ਸ਼ਰਧਾ ਨਹੀਂ ਉਪਜੀ। ['ਗੁਰਮਤਿ ਪ੍ਰਕਾਸ਼' ਪੁਸਤਕ ਵਿਚੋਂ

*ਆਸਾ ਮ: ੧, ॥੪॥੨॥ ਪੰਨਾ ੩੪੯


www.AKJ.Org

# ਮਿਟੀ ਧੁੰਧ ਜਗਿ ਚਾਨਣੁ ਹੋਆ

[ਪ੍ਰੋਫੈਸਰ ਜੋਗਿੰਦਰ ਸਿੰਘ ਜੀ, ਮੈਂਬਰ, ਦਿੱਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ]

(੧)

ਗੁਰਮਤਿ ਸਾਹਿਤ ਤੇ ਸਿਖ ਇਤਿਹਾਸ ਵਿਚ ਭਾਈ ਗੁਰਦਾਸ ਜੀ ਦੇ ਹਰ ਅਨੁਭਵ, ਬੋਲ ਤੇ ਬਾਣੀ ਨੂੰ ਠੀਕ, ਸ਼ੁੱਧ ਤੇ ਪ੍ਰਮਾਣਿਤ ਸਵੀਕਾਰ ਕੀਤਾ ਜਾਂਦਾ ਹੈ। ਭਾਈ ਗੁਰਦਾਸ ਜੀ ਦਾ ਹਰ ਅਨੁਭਵ ਗੁਰਮਤਿ ਵਰਗਾ ਹੀ ਹੈ, ਹਰ ਬੋਲ ਗੁਰੂ-ਦਿਸ਼ਾ ਵਿਚ ਹੀ ਹੈ, ਤੇ ਹਰ ਬਾਣੀ ਗੁਰੂ-ਸਿਧਾਂਤ ਦੀ ਤਾਬਿਆ ਵਿਚ ਹੀ ਵਿਆਖਿਆ ਰੂਪ ਪ੍ਰਗਟਾਂਦੀ ਹੈ। ਭਾਈ ਗੁਰਦਾਸ ਜੀ ਦੀਆਂ ਪੰਜਾਬੀ ਬੋਲੀ ਵਿਚ ਰਚਿਤ ੩੯ ਵਾਰਾਂ ਤੇ ਬ੍ਰਿਜਭਾਸ਼ਾ ਵਿਚ ਪ੍ਰਾਪਤ ੫੫੬ ਕਬਿੱਤ ਸਵੈਯਾਂ ਦੀ ਭਾਵੇਂ ਗੁਰਮਤਿ ਸਾਹਿਤ ਵਿਚ ਆਪਣੀ ਵਿਸ਼ੇਸ਼ ਮਾਨਤਾ ਹੈ, ਪਰ ਸਿੱਖ ਜਗਤ ਤੇ ਸਿੱਖ ਇਤਿਹਾਸ ਵਿਚ ਜੋ ਮਹਾਨਤਾ ਤੇ ਪ੍ਰਸਿੱਧੀ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਨੂੰ ਪ੍ਰਾਪਤ ਹੋਈ ਹੈ, ਪਹਿਲੀ ਵਾਰ ਵਿਚੋਂ ਵੀ ਖ਼ਾਸ ਕਰਕੇ 'ਸਤਿਗੁਰ ਨਾਨਕ ਪ੍ਰਗਟਿਆ' ਵਾਲੀ ਪਉੜੀ ਨੂੰ ਜੋ 'ਪ੍ਰਮਾਣਿਕਤਾ' ਪ੍ਰਾਪਤ ਹੋਈ ਹੈ, ਉਸ ਦਾ ਸਿੱਟਾ ਹੀ ਹੈ, ਕਿ ਗੁਰੂ ਨਾਨਕ ਦੇਵ ਜੀ ਦੇ ਆਗਮਨ ਜਾਂ ਪ੍ਰਕਾਸ਼ ਬਾਰੇ ਹਰ ਧਰਮੀ-ਜ਼ਬਾਨ ਭਾਈ ਗੁਰਦਾਸ ਜੀ ਦੇ ਅਨੁਭਵ ਤੇ ਬੋਲ ਨਾਲ ਇਕਸੁਰ ਤੇ ਇਕ ਰੂਪ ਹੋ ਕੇ ਬੋਲ ਉਠਦੀ ਹੈ ਕਿ "ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ" ਅਰਥਾਤ 'ਨਾਨਕ' ਸਤਿਗੁਰੂ ਰੂਪ ਵਿਚ ਪ੍ਰਗਟ ਹੋਏ ਹਨ ਅਤੇ ਉਹਨਾਂ ਦੇ ਪ੍ਰਗਟ ਹੋਣ ਨਾਲ, ਸਮਕਾਲੀ ਜੀਵਨ ਦੇ ਧਾਰਮਿਕ, ਸਮਾਜਕ, ਸਭਿਆਚਾਰਕ, ਆਰਥਿਕ, ਸਦਾਚਾਰਕ ਤੇ ਰਾਜਨੀਤਕ ਖੇਤਰ ਵਿਚ ਜਿਹੜੀ 'ਧੁੰਧ' ਪ੍ਰਵੇਸ਼ ਕਰ ਚੁੱਕੀ ਸੀ, ਉਹ ਮਿਟ ਗਈ ਹੈ, ਤੇ ਸਮੁੱਚੇ ਜਗਤ ਵਿਚ ਸਤਿ ਨਾਲ ਸ਼ਿੰਗਾਰਿਆ 'ਗੁਰੂ-ਚਾਨਣ' ਦਾ ਪ੍ਰਕਾਸ਼ ਹੋ ਗਿਆ ਹੈ। ਭਾਈ ਗੁਰਦਾਸ ਜੀ ਦੇ ਇਸ ਅਨੁਭਵ ਅਤੇ ਬੋਲ ਨੂੰ ਗੁਰੂ ਨਾਨਕ ਦੇਵ ਜੀ ਦੇ ਸਮੁੱਚੇ ਜੀਵਨ, ਬਾਣੀ ਤੇ ਯੋਗਦਾਨ ਨੂੰ ਦ੍ਰਿਸ਼ਟੀਗੋਚਰ ਰਖ ਕੇ ਵੇਖੀਏ-ਵਾਚੀਏ ਤਾਂ ਇਹ ਕਹਿਣਾ ਬਿਲਕੁਲ ਠੀਕ ਸ਼ੁੱਧ ਤੇ ਪ੍ਰਮਾਣਿਤ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਨਾਲ ਨਿਸਚੇ ਹੀ 'ਧੁੰਧ' ਮਿਟੀ ਹੈ ਤੇ ਜਗਤ ਵਿਚ 'ਚਾਨਣ' ਹੋਇਆ ਹੈ।

(੨)

'ਧੁੰਧ' ਦਾ ਹਸਤੀ ਚਰਿੱਤਰ ਨਾ ਤਾਂ ਸਚਿਆਰ ਹੁੰਦਾ ਹੈ, ਨਾ ਚਿਰ-ਸਥਾਈ ਅਤੇ ਨਾ ਹੀ ਸਾਰਥਿਕ ਹੁੰਦਾ ਹੈ। ਧੁੰਧ ਦੇ ਸਰੂਪ ਵਿਚ ਪ੍ਰਬੱਮਤਾ 'ਭਰਮ' ਦੀ ਹੁੰਦੀ ਹੈ ਤੇ ਭਰਮ ਕਰਕੇ ਹੀ ਜੀਵਨ ਦੀ ਹਰ ਸਥਿਤੀ ਵਿਚ ਕੂੜ ਤੇ ਪਾਪ ਦਾ ਵਰਤਾਰਾ ਵਰਤ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਭਾਰਤੀ ਜੀਵਨ 'ਭਰਮ'-ਪ੍ਰਧਾਨ-ਜੀਵਨ ਹੀ ਸੀ। ਭਾਰਤੀ ਜੀਵਨ ਵਿਚ ਵੈਦਿਕ ਪ੍ਰੰਪਰਾ ਦੀ ਦੈਵੀ ਕ੍ਰਿਆ ਦੀ ਹੋਂਦ ਅਤੇ ਅਮਲ ਸੀ, 'ਭਰਮ' ਰੂਪੀ

---

[ਸਫਾ ੧੨ ਦੀ ਬਾਕੀ] ਜਪਣਹਾਰਿਆਂ ਦੀ ਨਾਮ-ਧੁਨੀ ਤੋਂ ਸੁਣੇ ਨਾਮ ਦੀ ਬਰਕਤ ਕਰਕੇ ਜਮ ਦੂਰੋਂ ਹੀ ਭਜ ਜਾਂਦਾ ਹੈ। ਨਾਮ ਲੈਣਹਾਰਿਆਂ (ਜਪਣਹਾਰਿਆਂ) ਦੇ ਨਾਮ ਲੈਣ (ਜਪਣ) ਕਰਕੇ ਨਾਮ ਜਪਣਹਾਰਿਆਂ ਨੂੰ ਕੁਛ ਬਿਘਨਨਹੀਂ ਲਗਦਾ, ਸਪੱਸ਼ਟ ਹੈ।

ਅਗਲੇਰਾ ਗੁਰਵਾਕ ਨਾਮ, ਜਾਪ ਸੁਨਣ ਦੀ ਸਪੱਸ਼ਟ ਸਰੋਤ-ਸੁਰਤਿ ਨੂੰ ਹੋਰ ਭੀ ਨਿਖਾਰ ਦਿੰਦਾ ਹੈ ਅਤੇ ਨਾਮ-ਕਮਾਈ-ਸਰੋਤ ਸਿਫ਼ਤਿ ਸਾਲਾਹ ਦੀ ਪਾਰਸ-ਕਲਾ ਨੂੰ ਹੋਰ ਭੀ ਵਿਦਤਾਉਂਦਾ ਹੈ:

ਨਾਮੁ ਸੁਣੀ ਨਾਮੋ ਮਨਿ ਭਾਵੈ ॥ ਵਡੈ ਭਾਗਿ ਗੁਰਮੁਖਿ ਹਰਿ ਪਾਵੈ ॥੧॥
ਨਾਮੁ ਜਪਹੁ ਗੁਰਮੁਖਿ ਪਰਗਾਸਾ ॥
ਨਾਮ ਬਿਨਾ ਮੈ ਧਰ ਨਹੀ ਕਾਈ ਨਾਮੁ ਰਵਿਆ ਸਭ ਸਾਸ ਗਿਰਾਸਾ ॥੧॥ਰਹਾਉ॥
ਨਾਮੈ ਸੁਰਤਿ ਸੁਨੀ ਮਨਿ ਭਾਈ ॥ ਜੋ ਨਾਮੁ ਸੁਨਾਵੈ ਸੋ ਮੇਰਾ ਮੀਤੁ ਸਖਾਈ ॥੨॥

—੦— ਆਸਾ ਮਹਲਾ ੪, ਪੰਨਾ ੩੬੭


www.AKJ.Org

ਧੁੰਧ ਜੀਵਨ ਦੇ ਹਰ ਖੇਤਰ ਵਿਚ ਇੰਨੀ ਹਾਵੀ ਅਤੇ ਵਿਆਪਕ ਸੀ ਕਿ ਨਾ ਸੱਚ ਦਿਸਦਾ ਸੀ, ਨਾ ਪ੍ਰੇਮ-ਭਗਤੀ ਸੀ, ਨਾ ਧਰਮ-ਕਰਮ ਸੀ ਅਤੇ ਨਾ ਹੀ ਨਿੰਮ੍ਰਤਾ, ਮਿੱਠਤ ਤੇ ਸਹਿਜ ਸੀ। ਸਮਕਾਲੀ ਜੀਵਨ ਦਾ ਜੋ ਗਿਲਾਨੀ-ਭਰਪੂਰ-ਚਿਤਰ ਭਾਈ ਗੁਰਦਾਸ ਜੀ ਆਪਣੀ ਪਹਿਲੀ ਵਾਰ ਵਿਚ ਮੂਰਤੀਮਾਨ ਕਰ ਰਹੇ ਹਨ :-

(ੳ) ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ ॥੨੧॥
(ਅ) ਕਲਿਜੁਗ ਧੁੰਧੂਕਾਰ ਹੈ ਭਰਮ ਭੁਲਾਈ ਬਹੁ ਬਿਧਿ ਭੇਖੈ ॥੨੫॥
(ੲ) ਆਪੋ ਧਾਪੀ ਹੋਇਕੈ ਨਿਆਰੇ ਨਿਆਰੇ ਧਰਮ ਚਲਾਵੈ ॥੧੮॥
(ਸ) ਹਉਮੈ ਅੰਦਰ ਸਭ ਕੋ ਡੁਬੇ ਗੁਰੂ ਸਣੇ ਬਹੁ ਚੇਲੇ ॥੨੬॥
(ਹ) ਬਾਬਾ ਦੇਖੈ ਧਿਆਨ ਧਰਿ ਜਲਤੀ ਸਭ ਪ੍ਰਿਥਵੀ ਦਿਸਿ ਆਈ ॥੨੪॥
(ਕ) ਖੁਦੀ ਬਖੀਲੀ ਤਕੱਬਰੀ ਖਿੰਚੋਤਾਣ ਕਰੇਨਿ ਧਿਙਾਣੇ ॥੨੧॥
(ਖ) ਪੂਰਬ ਧਰਮ ਬਹੁ ਕਰਮ ਕਰ ਭਾਉ ਭਗਤਿ ਬਿਨ ਕਿਤੇ ਨ ਲੇਖੇ ॥੨੫॥
(ਗ) ਥੰਮੇ ਕੋਇ ਨ ਸਾਧ ਬਿਨੁ ਸਾਧੁ ਨ ਦਿਸੈ ਜਗ ਵਿਚ ਕੋਆ ॥੨੨॥
(ਘ) ਉਠੇ ਗਿਲਾਨ ਜਗਤ ਵਿਚ ਵਰਤੇ ਪਾਪ ਭ੍ਰਿਸ਼ਟ ਸੰਸਾਰਾ ॥੧੭॥

ਬਿਲਕੁਲ ਉਹੀ ਚਿਤਰ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਉਲੀਕਿਆ ਹੈ :-

੧. ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ ॥
ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ ॥੧॥੧੪॥ (ਸਲੋਕ ਮਹਲਾ ੧, ਪੰਨਾ ੧੨੪੨)
੨. ਅੰਤਰਿ ਲਾਲਚੁ ਭਰਮੁ ਹੈ ਭਰਮੈ ਗਾਵਾਰੀ ॥
ਨਾਨਕ ਨਾਮੁ ਨ ਚੇਤਈ ਜੂਐ ਬਾਜੀ ਹਾਰੀ ॥੧੪॥ (ਸਾਰੰਗ ਕੀ ਵਾਰ ਮ: ੧, ਪੰਨਾ ੧੨੪੩)
੩. ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥੧॥੧੬॥ (ਆਸਾ ਦੀ ਵਾਰ, ਪੰਨਾ ੪੭੧)
੪. ਸਰਮ ਧਰਮ ਕਾ ਡੇਰਾ ਦੂਰਿ ॥
ਨਾਨਕ ਕੂੜੁ ਰਹਿਆ ਭਰਪੂਰਿ ॥੨॥੧੬॥ (ਆਸਾ ਦੀ ਵਾਰ, ਪੰਨਾ ੪੭੧)

ਸਮਕਾਲੀ ਜੀਵਨ ਵਿਚ ਧੁੰਧ ਰੂਪੀ ਭਰਮ ਤੇ ਭਰਮ ਕਾਰਨ ਉਪਜੀ ਕੂੜ-ਪਾਪ ਤੇ ਗਿਰਾਵਟ ਦੀ ਸਾਰੀ ਸਥਿਤੀ ਭਾਵਨਾ ਅਤੇ ਰੂਪ ਪਖੋਂ ਇਕੋ ਜਿਹੀ ਹੈ। ਗੁਰੂ ਨਾਨਕ ਦੇਵ ਜੀ ਤੇ ਭਾਈ ਗੁਰਦਾਸ ਜੀ ਦੇ ਅਨੁਭਵ ਤੇ ਬੋਲ ਵਿਚ ਇਕਸਾਰਤਾ ਹੈ, ਹਾਂ ਬਾਣੀ-ਸ਼ੈਲੀ ਵਿਚ ਅੰਤਰ ਸਪੱਸ਼ਟ ਹੈ। ਜਦੋਂ ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਦਾ ਪ੍ਰਤੀਕਰਮ 'ਮਿਟੀ ਧੁੰਧ' ਦੇ ਪ੍ਰਸੰਗ ਵਿਚ ਪ੍ਰਗਟਾਂਦੇ ਹਨ, ਤਾਂ ਇਸ ਦਾ ਸਪੱਸ਼ਟ ਰੂਪ ਇਹ ਹੈ ਕਿ ਸਮਕਾਲੀ ਜੀਵਨ ਵਿਚ ਭਰਮ, ਪਾਪ ਤੇ ਪਾਖੰਡ ਦੀ ਜਿਹੜੀ ਧੁੰਧ ਸੀ, ਗੁਰੂ ਨਾਨਕ ਦੇਵ ਜੀ ਨੇ ਸੱਚ, ਪ੍ਰੇਮ, ਉਪਕਾਰ ਤੇ ਸੇਵਾ ਰਾਹੀਂ ਉਹ ਮਿਟਾ ਦਿੱਤੀ। ਭਾਰਤੀ ਜੀਵਨ ਵਿਚੋਂ ਧੁੰਧ ਤੇ ਗਿਲਾਨ ਨੂੰ ਮਿਟਾਉਣਾ ਵੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਦੇਣ ਹੈ; ਪਰ ਧੁੰਧ ਮਿਟਾ ਕੇ, ਸਾਰੇ ਜਗਤ ਵਿਚ 'ਚਾਨਣੁ' ਖਿਲਾਰ ਦੇਣਾ, ਇਹ ਹੋਰ ਵੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਵਡਿਆਈ ਹੈ।

(੩)

ਭਾਈ ਗੁਰਦਾਸ ਜੀ ਦੇ ਅਨੁਭਵ ਤੇ ਮਤਿ ਅਨੁਸਾਰ ਜੇ 'ਨਾਨਕ' ਦੇ ਸਤਿਗੁਰ ਰੂਪ ਵਿਚ ਪ੍ਰਗਟ ਹੋਣ ਨਾਲ ਜਿਥੇ ਧੁੰਧ ਮਿਟ ਗਈ, ਉਥੇ ਜਗਤ ਨੂੰ ਗਿਆਨ ਰੂਪੀ 'ਚਾਨਣੁ' ਵੀ ਪ੍ਰਾਪਤ ਹੋਇਆ ਹੈ। ਜਿਸ ਨੂੰ ਅਕਾਲ ਪੁਰਖ ਵਲੋਂ ਪ੍ਰਗਟ ਹੋਣ ਦਾ ਮਾਣ ਤੇ ਵਰਦਾਨ ਮਿਲ ਜਾਂਦਾ ਹੈ, ਉਸ ਦਾ ਅੰਗ ਅੰਗ ਵੀ, ਬੰਦ ਬੰਦ ਵੀ ਗਿਆਨ-ਚਾਨਣ ਦੇ ਪ੍ਰਕਾਸ਼ ਨਾਲ ਸ਼ਿੰਗਾਰਿਆ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਸਤਿਗੁਰੂ ਰੂਪ ਵਿਚ ਪ੍ਰਗਟ ਹੋਣ ਕਾਰਨ ਹੀ ਗਿਆਨ-ਚਾਨਣ ਸਨ। ਗੁਰੂ ਨਾਨਕ ਦੇਵ ਜੀ ਨੂੰ ਵਈਂ ਨਦੀ ਦੇ ਪ੍ਰਵੇਸ਼ ਵਿਚੋਂ ਵੀ ਗੁਰ-ਪ੍ਰਮੇਸ਼ਰ ਵਲੋਂ ਜੋ ਅਨਭਵ, ਬੋਲ ਤੇ ਆਦੇਸ਼ ਪ੍ਰਾਪਤ ਹੋਇਆ ਸੀ, ਉਹ ਵੀ ਸ਼ੁੱਧ ਰੂਪ ਵਿਚ ਦੈਵੀ ਗਿਆਨ-ਚਾਨਣ ਨਾਲ ਹੀ ਭਰਪੂਰ

www.AKJ.Org

ਸੀ। ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਆਪਣੀਆਂ ਤਿੰਨਾਂ ਉਦਾਸੀਆਂ ਵਿਚ-ਜੇ ਭਾਰਤੀ ਤੀਰਥਾਂ ਉਤੇ ਗਏ, ਤਾਂ ਉਹਨਾਂ ਨੇ ਤੀਰਥਾਂ ਉਤੇ ਕੇਂਦਰਿਤ ਹੋਏ ਬ੍ਰਾਹਮਣ ਅਤੇ ਹਿੰਦੂ ਸਮਾਜ ਨੂੰ ਪਹਿਲਾਂ ਭਰਮ ਤੇ ਪਾਖੰਡ ਤੋਂ ਮੁਕਤ ਹੋਣ ਲਈ ਪ੍ਰੇਰਿਆ, ਤੇ ਫਿਰ ਮੁਲਾਕਾਤਾਂ ਤੇ ਗੋਸ਼ਟਾਂ ਰਾਹੀਂ ਧਰਮ-ਗਿਆਨ-ਚਾਨਣ ਦੇ ਸ਼ੁੱਧ ਸਰੂਪ ਦਾ ਅਹਿਸਾਸ ਕਰਵਾਇਆ। ਜੇ ਸਿੱਧਾਂ-ਜੋਗੀਆਂ ਦੇ ਪਰਬਤਾਂ ਉਤੇ ਗਏ, ਤਾਂ ਉਹਨਾਂ ਨੂੰ ਗੁਰੂ-ਹਸਤੀ ਤੇ ਸ਼ਬਦ-ਸ਼ਕਤੀ ਦਾ ਚਮਤਕਾਰ ਦਿਖਾ ਕੇ ਪਹਿਲਾਂ ਪਰਵਿਰਤ ਸੰਸਾਰ ਵਿਚ ਨਵਿਰਤ ਰਹਿਣ ਦਾ ਜੀਵਨ-ਆਚਾਰ ਸਮਝਾਇਆ ਤੇ ਫਿਰ ਮਾਨਵ ਹਿਤੈਸ਼ੀ ਬਣਾਇਆ। ਜੇ ਇਸਲਾਮੀ ਕੇਂਦਰਾਂ—ਮੱਕਾ, ਮਦੀਨਾ ਤੇ ਬਗ਼ਦਾਦ ਗਏ, ਤਾਂ ਮੁਸਲਮਾਨਾਂ ਦੇ ਪ੍ਰੰਪਰਾਗਤ ਵਿਸ਼ਵਾਸਾਂ ਤੇ ਵਿਚਾਰਾਂ ਨੂੰ ਪਹਿਲਾਂ ਵੰਗਾਰਿਆ, ਫਿਰ ਆਪਣੀ ਗਿਆਨ-ਛੋਹ ਪ੍ਰਦਾਨ ਕਰ ਕੇ ਇਕ ਸੱਚਾ ਮੁਸਲਮਾਨ ਤੇ ਸ਼ੁਧ ਨਿਮਾਜ਼ੀ ਬਣਨ ਵਾਸਤੇ ਉਤੇਜਿਤ ਕੀਤਾ। ਗਿਆਨ-ਚਾਨਣ-ਵਾਲਾ, ਕਦੀ ਵੀ ਦਵੈਤ ਭਾਵਨਾ, ਵੰਡ-ਵਿਤਕਰਾ ਤੇ ਭਰਮ, ਪਾਪ ਤੇ ਪਾਖੰਡ ਨੂੰ ਪਸੰਦ ਨਹੀਂ ਕਰਦਾ। ਗੁਰੂ ਨਾਨਕ ਦੇਵ ਜੀ ਨੂੰ ਕਿਸੇ ਤਰ੍ਹਾਂ ਵੀ ਦਵੈਤ ਭਾਵਨਾ, ਵਰਨ-ਵੰਡ ਜਾਂ ਜਾਤਿ-ਵਿਤਕਰਾ ਪਸੰਦ ਨਹੀਂ ਸੀ। ਭਰਮ, ਪਾਪ ਤੇ ਪਾਖੰਡ ਨੂੰ ਸੋਧਣ ਵਾਸਤੇ ਤਾਂ ਉਹਨਾਂ ਨੇ ਭਾਰਤ ਤੇ ਭਾਰਤੋਂ ਬਾਹਰ ਲਗਪਗ ੩੫ ਹਜ਼ਾਰ ਮੀਲ ਪੈਦਲ ਸਫ਼ਰ ਵੀ ਕੀਤਾ।

(੪)

ਗੁਰੂ-ਪ੍ਰਮੇਸ਼ਰ ਵਲੋਂ ਮਿਲੇ ਗਿਆਨ-ਚਾਨਣ ਨਾਲ ਗੁਰੂ ਨਾਨਕ ਦੇਵ ਜੀ ਇੰਨੇ ਇਕ-ਰੂਪ ਸਨ ਕਿ ਗੁਰ ਪ੍ਰਮੇਸ਼ਰ ਵਾਂਗ ਉਹ ਸਚਿਆਰ, ਕਰਤਾਰੀ, ਨਿਰਭਉ, ਨਿਰਵੈਰ ਤੇ ਪ੍ਰਸਾਦੀ ਹੋ ਕੇ ਵਿਚਰਦੇ ਸਨ। ਘਿਰਣਾ, ਹਿੰਸਾ ਅਨਿਆਂ ਤੇ ਪ੍ਰਾਧੀਨਤਾ ਦੇ ਉਹ ਪੱਕੇ ਦੋਖੀ ਸਨ। ਸਮੁੱਚੀ ਮਾਨਵ ਜਾਤੀ, ਭਾਵੇਂ ਉਸ ਦਾ ਰੂਪ ਸੱਜਣ ਠੱਗ ਵਾਲਾ ਸੀ, ਕੌਡੇ ਰਾਖਸ਼, ਭੂਮੀਆ ਚੋਰ, ਵਲੀ ਕੰਧਾਰੀ ਜਾਂ ਮਲਕ ਭਾਗੋ ਵਾਲਾ ਸੀ, ਨੂੰ ਸੋਧਣਾ ਉਹ ਆਪਣਾ ਪ੍ਰਥਮ ਫ਼ਰਜ਼ ਤੇ ਪ੍ਰਭੂ-ਵਫ਼ਾਦਾਰੀ ਸਮਝਦੇ ਸਨ। ਸੋਧ-ਸਮਰੱਥਾ ਵਿਚ ਪ੍ਰਚੰਡ ਤੇ 'ਵਿਜਈ ਹਮੇਸ਼ਾ ਉਹੀ ਹੁੰਦਾ ਹੈ, ਜਿਸ ਨੇ ਅੰਦਰੋਂ ਬਾਹਰੋਂ ਆਪਣੇ ਆਪ ਨੂੰ ਸੋਧ ਤੇ ਸਾਧ ਲਿਆ ਹੋਵੇ। ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਸ਼ਖਸੀਅਤ ਅੰਦਰੋਂ ਬਾਹਰੋਂ ਸੋਧੀ ਤੇ ਸਾਧੀ ਹੋਈ ਸ਼ਖਸੀਅਤ ਸੀ। ਨੌਖੰਡ ਪ੍ਰਿਥਮੀ ਵਿਚ ਵਸਦੀ ਮਾਨਵ ਜਾਤੀ ਨੂੰ ਜਿਸ ਸਬਰ, ਸਿਦਕ ਤੇ ਸਾਹਸ ਨਾਲ ਗੁਰੂ ਨਾਨਕ ਦੇਵ ਜੀ ਨੇ ਪਹਿਲੋਂ ਸੋਧਿਆ ਤੇ ਫਿਰ ਗਿਆਨ-ਚਾਨਣ ਪ੍ਰਦਾਨ ਕਰ ਕੇ ਸਾਧਿਆ, ਉਸ ਦਾ ਫਲ ਹੀ ਸੀ, ਕਿ ਜਿਹੜਾ ਹਿੰਦੁਸਤਾਨ ਜਮ ਰੂਪ ਮੁਗ਼ਲਾਂ ਕੋਲੋਂ ਡਰ ਰਿਹਾ ਸੀ ਤੇ ਆਪਣੇ ਆਪ ਨੂੰ ਸੰਭਾਲਣ ਤੋਂ ਅਸਮਰਥ ਸੀ, ਉਹ 'ਹਿੰਦੁਸਤਾਨ' ਮੁਗ਼ਲਾਂ ਨੂੰ ਭਜਾ ਕੇ, ਅਹਿਮਦਸ਼ਾਹ ਅਬਦਾਲੀ ਵਰਗਿਆਂ ਨੂੰ ਹਰਾ ਕੇ, ਇੰਨਾ ਸ਼ਕਤੀਸ਼ਾਲੀ ਤੇ ਸੰਭਾਲਣ ਯੋਗ ਹੋ ਗਿਆ ਕਿ ਉਹ ਪੰਜਾਬ ਵਿਚ ਆਪਣਾ ਸੁਤੰਤਰ ਰਾਜ ਸਥਾਪਿਤ ਕਰਨ ਵਿਚ ਉਜਲ-ਮੁਖ ਸਾਬਤ ਹੋਇਆ।

(੫)

ਗੁਰੂ ਨਾਨਕ ਦੇਵ ਜੀ ਦੇ ਗਿਆਨ-ਚਾਨਣ ਨਾਲ ਜਿਥੇ ਮਾਨਵ ਜਾਤੀ ਨੂੰ ਧਰਮ-ਮੰਡਲ ਵਿਚ ਰਹਿ ਕੇ ਏਕਤਾ, ਸਦਭਾਵਨਾ, ਸਹਿਯੋਗ ਤੇ ਸਰਬੱਤ ਦੇ ਭਲੇ ਦੀ ਜੀਊਣ-ਜਾਚ ਦਾ ਪਤਾ ਲੱਗਾ, ਉਥੇ ਉਹਨਾਂ ਨੇ ਭਾਰਤੀ ਬੋਲੀ, ਸੰਸਕ੍ਰਿਤੀ, ਗ੍ਰੰਥਾਂ, ਪੂਜਾ ਤੇ ਪਹਿਰਾਵੇ ਦਾ ਤ੍ਰਿਸਕਾਰ ਕਰਨ ਵਾਲਿਆਂ ਨੂੰ ਝੰਜੋੜ ਕੇ, ਖ਼ਾਸ ਕਰ ਕੇ ਵਿਸ਼ਿਸ਼ਟ ਤੇ ਮਹਾਨ ਦੈਵੀ ਸੰਤਾਂ, ਭਗਤਾਂ ਤੇ ਸੂਫ਼ੀਆਂ ਨੂੰ, ਇਕ ਵਿਸ਼ੇਸ਼ ਪਤਿ ਸੇਤੀ ਜੀਊਣ ਦੀ ਧਾਰਨਾ ਅਧੀਨ, ਇਕ-ਸੰਮਤੀ ਤੇ ਜਥੇਬੰਦਕ ਰੂਪ ਵਿਚ ਇਸ ਤਰ੍ਹਾਂ ਜਾਗ੍ਰਿਤ ਤੇ ਉਜਾਗਰ ਕੀਤਾ, ਕਿ ਮਾਨਵ ਜਾਤੀ ਸੁਤੰਤਰ ਜੀਵਨ ਦੀ ਆਸ਼ਕ ਹੋ ਗਈ, ਸੱਚ ਤੇ ਪਤਿ ਦੀ ਰਾਖੀ ਲਈ ਸਾਹਸ-ਧਾਰੀ ਹੋ ਗਈ ਤੇ ਸੱਚ-ਆਚਾਰੁ ਉਸ ਦਾ ਵਿਸ਼ੇਸ਼ ਗੁਣ ਆਦਰਸ਼ ਬਣ ਗਿਆ। ਦੈਵੀ ਜੀਊਣ-ਜਾਚ, ਸਾਂਸਕ੍ਰਿਤਕ ਜਾਗ੍ਰਿਤੀ, ਸੁਤੰਤਰ ਜੀਵਨ, ਸੱਚ ਪਤਿ ਲਈ ਸਾਹਸ ਤੇ ਗੁਣ ਆਚਾਰ ਦਾ ਧਨ ਇਹ ਸਭ ਚਾਨਣ ਹੈ—ਗੁਰੂ ਦੇ ਪ੍ਰਗਟ ਹੋਣ ਨਾਲ ਜਗਤ ਵਿਚ ਹੋਇਆ ਚਾਨਣ ਹੈ। ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਨੂੰ 'ਮਿੱਟੀ ਧੁੰਧ ਜਗਿ ਚਾਨਣੁ ਹੋਆ' ਨਾਲ ਉਪਮਾ ਦੇ ਕੇ, ਨਿਸਚੇ ਹੀ ਸਤਿਗੁਰੂ ਦੀ ਪ੍ਰੰਪਰਾ, ਯੋਗਦਾਨ ਤੇ ਸਾਰਥਿਕਤਾ ਨੂੰ ਸਥਾਪਿਤ ਤੇ ਉਜਾਗਰ ਕੀਤਾ ਹੈ।


www.AKJ.Org

# ਗੁਰੂ ਨਾਨਕ ਤੇ ਭਾਈ ਲਾਲੋ

[ਭਾਈ ਨਰੈਣ ਸਿੰਘ ਜੀ ਐਮ. ਏ., ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

"ਸਤਿ ਕਰਤਾਰ, ਲਾਲੋ, ਸਤਿ ਕਰਤਾਰ !"

ਆਪਣੇ ਨਿਤਾਪ੍ਰਤੀ ਧੰਧੇ ਰੁਝੇ ਲਾਲੋ ਨੇ ਇਹ ਅਨੋਖਾ ਬੋਲ ਸੁਣਿਆ, ਅਤੇ ਪਲ ਭਰ ਥੰਮਦੇ ਹੋਇ, ਉਸ ਵੰਨੇ ਡਿਠਾ, ਜਿਧਰੋਂ ਇਹ ਆਵਾਜ਼ ਆਈ ਸੀ। ਏਨੇ ਨੂੰ ਉਸ ਦੇ ਕੰਨੀ ਪਿਆ, "ਲਾਲੋ, ਕੀ ਪਿਆ ਕਰਦਾ ਏਂ ?"

ਲਾਲੋ ਨੇ ਝਟ ਉਤਰ ਦਿਤਾ, "ਕਿੱਲੇ ਪਿਆ ਘੜਦਾ ਆਂ ਜੀ।"

ਮੁੜ ਤੀਜਾ ਬੋਲ ਹੋਇਆ, "ਸਾਰੀ ਉਮਰ ਕਿੱਲੇ ਹੀ ਘੜਦਾ ਰਹੇਂਗਾ, ਲਾਲੋ ?"

ਲਾਲੋ ਵਾਸਤੇ ਇਹ ਵੱਡਾ ਨਿਰਾਲਾ ਸਵਾਲ ਸੀ। ਜ਼ਰਾ ਠਠੰਬਰਿਆ, ਸੋਚੀਂ ਪਿਆ ਤੇ ਉਤਰ ਦਿਤੋ ਸੂ :

"ਕਿੱਲੇ ਘੜਨਾ ਮੇਰੇ ਵਡੇ ਵਡੇਰਿਆਂ ਦੀ ਕਾਰ, ਪੀੜ੍ਹੀਆਂ ਤੋਂ ਅਸੀਂ ਇਹੋ ਕਾਰ ਕਰਦੇ ਆਏ, ਅਤੇ ਹੁਣ ਇਹ ਮੇਰੀ ਕਾਰ।"

ਇਤਨੇ ਤਕ ਬਾਹਰ ਤੋਂ ਆਇਆ ਸਜਣ ਵੇਹੜੇ ਦੀਆਂ ਬਰੂਹਾਂ ਤਕ ਪਹੁੰਚ ਗਿਆ ਸੀ। ਲਾਲੋ ਬੋਲੀ ਗਿਆ : "ਫ਼ਕੀਰ ਸਾਈਂ, ਤੇਰਾ ਸਵਾਲ ਵਡਾ ਅਣੋਖਾ, ਕਿੱਲੇ ਘੜਨਾ ਤੇ ਘੜੀ ਜਾਣਾ, ਮੈਂ ਤਾਂ ਇਹੋ ਕੁਝ ਸਿਖਿਆ ਆਪਣੇ ਵਡਿਆਂ ਤੋਂ, ਤੇ ਇਹੋ ਕਰੀ ਜਾਂਦਾ ਆਂ। ਜੇ ਮੇਰੇ ਕਰਨ ਜੋਗ ਹੋਰ ਵੀ ਕੋਈ ਕਾਰ ਏ ਤਾਂ ਤੁਸੀਂ ਦਸ ਦਿਓ, ਮੈਂ ਉਹ ਭੀ ਕਰਨ ਲਗ ਜਾਵਾਂਗਾ।

ਹੁਣ ਫ਼ਕੀਰ ਸਾਈਂ (ਗੁਰੂ ਨਾਨਕ ਦੇਵ ਜੀ) ਲਾਲੋ ਦੇ ਮੂਹਰੇ ਆ ਖੜਾ ਹੋਇਆ ਸੀ। ਲਾਲੋ ਉਠਿਆ, ਅੰਦਰੋਂ ਮੂੜ੍ਹਾ ਚੁਕ ਲਿਆਇਆ ਅਤੇ ਸਾਈਂ ਜੀ ਦੇ ਬਹਿਣ ਲਈ ਡਾਹ ਦਿਤਾ।

ਸਾਈਂ ਜੀ ਬੋਲੇ, "ਲਾਲੋ, ਕਿੱਲੇ ਘੜਨਾ ਤੇਰੀ ਕਾਰ ਠੀਕ–ਇਹ ਤੇਰੀ ਰੋਟੀ ਦਾ ਸਾਧਨ, ਇਸ ਦੇ ਸਿਰ ਤੂੰ ਪਲਦਾ ਅਤੇ ਪਾਲਦਾ ਆਪਣੇ ਪਰਵਾਰ ਨੂੰ। ਇਸ ਦਾ ਕਰਨਾ ਭੀ ਤੇਰੇ ਲਈ ਅਤਿ ਜ਼ਰੂਰੀ, ਇਹੋ ਹੀ ਸਹਾਰਾ ਬਣਦਾ ਤੇਰੇ ਜੀਵਨ ਦੀ ਸਾਰੀ ਖੇਡ ਦਾ। ਭਾਵੇਂ ਸਭ ਦਾ ਫ਼ਿਕਰ ਉਸ ਨਿਰੰਕਾਰ ਨੂੰ ਏ, ਜਿਸ ਨੇ ਸਾਰਿਆਂ ਨੂੰ ਸੰਸਾਰ ਤੇ ਭੇਜਿਆ ਏ ਅਤੇ ਆਪਣੇ ਪੈਦਾ ਕੀਤੇ ਜੀਵਾਂ ਲਈ ਸਾਰਾ ਕੁਝ ਪਹਿਲੋਂ ਹੀ ਰਚ ਦਿਤਾ ਹੋਇਆ ਏ, ਪਰ ਉਸ ਨੇ ਸਭ ਕਿਸੇ ਨੂੰ ਹੱਥ ਪੈਰ ਮੂੰਹ ਅਖਾਂ ਨੱਕ ਕੰਨ ਆਦਿ ਅਤੇ ਸੂਝ ਬੂਝ ਦਿਤੀ ਏ ਕਿ ਇਨ੍ਹਾਂ ਨੂੰ ਵਰਤ ਕੇ ਰੱਬ ਦੇ ਖਿੰਡਾਏ ਰਿਜ਼ਕ ਵਿਚੋਂ ਆਪਣੀ ਰੋਜ਼ੀ ਭਾਲ ਲਵੇ ਅਤੇ ਆਪਣੇ ਸਰੀਰ ਨੂੰ ਪਾਲੇ ਪੋਸੇ। ਪਰ ਕੀ ਸਰੀਰ ਦਾ ਪਾਲਣਾ ਪੋਸਣਾ ਹੀ ਇਕੋ ਕਾਰ ਮਨੁਖ ਦੀ ? ਇਹ ਕਾਰ ਤਾਂ ਪਸ਼ੂ ਪੰਛੀ ਕੀੜੇ ਮਕੌੜੇ ਭੀ ਕਰਦੇ ਨੇ, ਤਾਂ ਮਨੁਖ ਵਿਚ ਵਾਧਾ ਕੀ ਹੋਇਆ ?

"ਲਾਲੋ, ਤੂੰ ਕਹਿੰਦਾ ਏਂ, ਕਿਲੇ ਘੜਨਾ ਤੇਰੇ ਵਡਿਆਂ ਦੀ ਕਾਰ ਅਤੇ ਤੇਰੀ ਵੀ ਓਹੋ ਕਾਰ। ਤੁਸੀਂ ਪੀੜ੍ਹੀਆਂ ਦਰ ਪੀੜ੍ਹੀਆਂ ਤੋਂ ਘੜਨ ਦੀ ਕਾਰ ਕਰਦੇ ਆ ਰਹੇ ਓ। ਸੁਕੇ ਗਿਲੇ ਵਿੰਗੇ ਟੇਢੇ ਕਾਠ ਦੇ ਟੁਕੜਿਆਂ ਨੂੰ ਤੱਛਣਾ ਮੁੱਛਣਾ, ਛਿੱਲਣਾ ਤੇ ਸੋਹਣਾ ਨੋਕਦਾਰ ਬਣਾ ਦੇਣਾ, ਤਾਂ ਜੁ ਕਰੜੀ ਕਠੂਲੀ ਧਰਤੀ ਵਿਚ ਭੀ ਇਹ ਆਸਾਨੀ ਨਾਲ ਠੋਕਿਆ ਜਾ ਸਕੇ। ਵਡੀ ਸੁੰਦਰ ਕਾਰ ਏ ਤੇਰੀ–

**ਅ-ਘੜੇ ਨੂੰ ਘੜਨਾ, ਪਰ ਕੀ ਤੂੰ ਕਦੀ ਸੋਚਿਆ ਏ ਆਪਣੇ ਕਠੂਲੇ ਮਨ ਨੂੰ ਘੜਨ ਬਾਰੇ ਵੀ ?**

ਮਨ ਉਪਰ ਉਠੀਆਂ ਵਿਸ਼ੇ ਵਿਕਾਰਾਂ ਦੀਆਂ ਗੰਢਾਂ ਅਤੇ ਇਨ੍ਹਾਂ ਵਿਚੋਂ ਫੁਟੀਆਂ ਮਾਨ-ਮੋਹ-ਲੋਭ ਆਦਿ ਦੀਆਂ ਟਹਿਣੀਆਂ ਨੇ ਇਸ ਨੂੰ ਕੁਹਜਾ, ਬੇਡੋਲ ਤੇ ਬਦ-ਸੂਰਤ ਬਣਾ ਦਿਤਾ ਹੋਇਆ ਏ। ਇਸ ਨੂੰ ਘੜਨ ਬਾਰੇ ਤੂੰ ਕਦੀ ਸੋਚਿਆ ਭੀ ਨਹੀਂ। ਤੂੰ ਜੀ ਸਦਕੇ ਘੜ ਲਕੜੀ ਦੇ ਕਿੱਲੇ, ਪਰ ਇਹ ਤੇਰੇ ਹੱਥ ਦੀ ਕਾਰ, ਘੜਨਾ ਮਨ ਤੇ ਬੁਧੀ ਨੂੰ ਤੇਰੀ ਆਪਣੀ ਕਾਰ–

**ਤੂੰ ਘੜ ਆਪਣੀ ਸੁਰਤ ਨੂੰ, ਮਨ ਮਤ ਤੇ ਬੁਧ ਨੂੰ ਵਰਤ ਕੇ, ਤੇਸਾ ਗੁਰੂ ਦੇ ਸ਼ਬਦ ਦਾ।**


www.AKJ.Org

ਲਾਹ ਦੇਹ ਸ਼ਬਦ ਦੇ ਤੇਸੇ ਨਾਲ ਗੰਢਾਂ, ਛਿੱਲ ਛਉੜ ਤੇ ਸੱਕ ਵਿਕਾਰਾਂ ਦੀ ਮੈਲ ਦੇ, ਅਤੇ ਫਿਰ ਸੁਧ ਹੋਏ ਮਨ ਨੂੰ ਰੰਗ ਨਾਮ ਦੇ ਮਜੀਠੀ ਰੰਗ ਵਿਚ। ਇਉਂ ਨਾਮ-ਰੰਗਿਆ ਮਨ ਬੁਧ ਨੂੰ ਉਤੇਜਤ ਕਰਦਾ ਏ,ਜਿਸ ਨਾਲ ਮਤ ਵਿਗਸਦੀ ਅਤੇ ਸੁਰਤ ਵਿਕਾਸ ਫੜਦੀ ਏ। ਜਿਵੇਂ-ਜਿਵੇਂ ਨਾਮ ਦਾ ਰੰਗ ਗੂੜ੍ਹਾ ਹੁੰਦਾ ਏ, ਵਿਸ਼ਵਾਸ ਅੰਦਰ ਪਕਿਆਈ ਆਉਂਦੀ ਅਤੇ ਮਨ ਵਧੇਰੇ ਸਥਿਰ ਹੁੰਦਾ ਜਾਂਦਾ ਏ। ਮਨ ਦੀ ਸਥਿਰਤਾ ਅਤੇ ਨਾਮ ਦੀ ਸਮਰੱਥਾ ਦੇ ਵਿਸ਼ਵਾਸ ਵਿਚੋਂ ਉਹ ਆਤਮ-ਬਲ ਪੈਦਾ ਹੁੰਦਾ ਏ ਜੋ ਸੋਮਾ ਏ ਸਾਰੇ ਗਿਆਨ ਧਿਆਨ ਅਤੇ ਹਿਰਦੇ ਦੇ ਵਿਕਾਸ ਦਾ :

ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥੧੪॥ (ਜਪੁਜੀ)

**ਪਰ, ਲਾਲੋ, ਮਨ ਦੀ ਐਸੀ ਘਾੜਤ ਘੜੀਂਦੀ ਰੱਬ ਦੇ ਭੈ ਵਿਚ,**
**ਜਿਸ ਤੋਂ ਬਗ਼ੈਰ ਘਾੜਤ ਕਚੀ ਰਹਿ ਜਾਂਦੀ ਏ।**

ਭੈ ਬਿਨੁ ਘਾੜਤ ਕਚੁ ਨਿਕਚ ॥੨॥ (ਗਉੜੀ ਮ: ੧, ਪੰਨਾ ੧੫੧) ਨ ਕਚੀ ਘਾੜਤ ਉਤੇ ਨਾਮ ਦਾ ਮਜੀਠੀ ਰੰਗ ਚੜ੍ਹਦਾ ਏ।

ਸੰਸਾਰ ਦੀ ਸਾਰੀ ਕਾਰ ਹੀ ਭੈ ਵਿਚ ਤੁਰ ਰਹੀ ਏ, ਚੰਦ ਸੂਰਜ ਤਾਰੇ ਸਤਾਰੇ ਅਤੇ ਸਾਡੀ ਧਰਤੀ ਵੀ ਰੱਬ ਦੇ ਭੈ ਵਿਚ ਨੇ, ਹਵਾ ਪਾਣੀ ਅੱਗ ਵੀ ਭੈ ਅੰਦਰ ਆਪਣੀ ਆਪਣੀ ਕਾਰ ਕਰ ਰਹੇ ਨੇ। ਤੁਸੀਂ ਅਸੀਂ ਵੀ ਜੋ ਕਰਦੇ ਆਂ, ਗੁਪਤ ਭੈ ਅਧੀਨ ਹੀ ਕਰਦੇ ਆਂ। ਲਾਲੋ, ਤੇਰੇ ਮਨ ਵਿਚ ਵੀ ਭੈ ਹੈ ਕਿ ਤੇਰੇ ਘੜੇ ਕਿੱਲੇ ਮਾੜੇ ਨ ਹੋਣ ਤੇ ਤੇਰੀ ਸਾਖ ਨ ਮਾਰੀ ਜਾਵੇ। ਤੇਰੇ ਅੰਦਰ ਲੋਕ-ਲਾਜ ਦਾ, ਲੋਕ-ਵਡਿਆਈ ਦਾ ਭੈ ਹੈ। ਜੇ ਤੇਰੇ ਅੰਦਰ ਤੇਰੇ ਆਪੇ ਦਾ ਭੈ ਹੋ ਜਾਵੇ ਤਾਂ ਕਿਸੇ ਮਾੜੀ ਗੱਲ ਹੋ ਜਾਣ ਦਾ ਤੇਰੇ ਅੰਦਰੋਂ ਹੀ ਭੈ ਉਠੇ, ਤੇ ਮੁੜ ਕੇ, ਮਾੜਾ ਕੰਮ ਨਾ ਹੋਵੇ, ਇਸੇ ਨੂੰ ਆਤਮ-ਭੈ ਜਾਂ ਅੰਦਰ ਵਸਦੇ ਨਿਰੰਕਾਰ ਦਾ ਭੈ ਕਹਿੰਦੇ ਨੇ। ਅੰਦਰ ਵਸਦੇ ਨਿਰੰਕਾਰ ਦਾ ਭੈ ਨਿਰੰਕਾਰ ਦੀ ਹੋਂਦ ਨਿਸਚੇ ਕਰਾਉਂਦਾ ਏ। ਮਨ ਅੰਦਰ ਪੈਦਾ ਹੋਇਆ ਹਜ਼ੂਰੀ ਦਾ ਭੈ ਫਿਰ ਕਚੀ ਘਾੜਤ ਨਹੀਂ ਹੋਣ ਦੇਂਦਾ, ਤੇ ਇਸ ਦੇ ਨਾਲ ਲੋਕ-ਲਾਜ ਅਤੇ ਲੋਕ-ਮੁਥਾਜੀ ਦਾ ਡਰ ਉਠ ਜਾਂਦਾ ਏ। ਸੋ ਲਾਲੋ ਮਿਤਰਾ,

**ਕਿੱਲੇ ਘੜ, ਤਾਂਕਿ ਤੇਰੇ ਸਰੀਰ ਦਾ ਨਿਰਬਾਹ ਤੁਰਿਆ ਜਾਵੇ,**
**ਅਤੇ ਮਨ ਘੜ ਤਾਂਕਿ ਤੇਰੀ ਸ਼ਹੁ ਨਾਲ ਬਣ ਆਵੇ।"**

ਧਿਆਨ ਰੂਪ ਹੋਇਆ ਲਾਲੋ ਗੁਰੂ ਨਾਨਕ ਦੇ ਬਚਨ ਸੁਣ ਰਿਹਾ ਸੀ। ਹੁਣ ਵਡੀ ਨਿੰਮਰਤਾ ਸਹਿਤ ਕਿਹਾ ਲਾਲੋ ਨੇ, "ਸੋਲ੍ਹਾਂ ਆਨੇ ਸੱਚ ਏ, ਜੋ ਤੁਸਾਂ ਕਿਹਾ ਸਤਪੁਰਸ਼ੋ, ਮੇਰੇ ਅੰਦਰ ਠੀਕ ਭੈ ਲੋਕ-ਲਾਜ ਦਾ, ਕਿ ਮੇਰੇ ਘੜੇ ਕਿਲਿਆਂ ਨੂੰ ਕੋਈ ਮਾੜਾ ਨਾ ਕਹੇ ਅਤੇ ਲੋਕਾਂ ਅੰਦਰ ਬਣੀ ਮੇਰੀ ਸਾਖ ਮਾਰੀ ਨਾ ਜਾਏ। ਜੋ ਕੋਈ ਇਕ ਵਾਰ ਮੇਰਾ ਘੜਿਆ ਕਿੱਲਾ ਲੈ ਜਾਂਦਾ ਏ, ਓਹ ਸੌ ਵਾਰ ਮੁੜ ਮੇਰੇ ਪਾਸ ਆਉਂਦਾ ਅਤੇ ਮੇਰੇ ਕਿਲਿਆਂ ਦੀ ਵਡਿਆਈ ਕਰਦਾ ਨਹੀਂ ਰਜਦਾ। ਇਉਂ ਹੀ ਮੈਂ ਸਮਝਾਂ ਤੁਹਾਡੀ ਗੱਲ, ਜੋ ਕੋਈ ਆਪਣਾ ਮਨ ਘੜ ਲੈਂਦਾ ਏ, ਉਸ ਦੇ ਅੰਦਰੋਂ ਵੈਰ ਵਿਰੋਧ ਤੇ ਕੁੜੱਤਣ ਚਲੇ ਜਾਂਦੇ ਨੇ, ਸਮਝੋ ਉਸ ਦਾ ਰੁਖੇਵਾਂ ਰੰਦਿਆ ਜਾਂਦਾ ਏ। ਜਿਵੇਂ ਤੱਛਿਆ ਸਵਾਰਿਆ ਤੇ ਰੰਦਿਆ ਕਿੱਲਾ ਹੱਥ ਨੂੰ ਚੁਭਦਾ ਤਕ ਨਹੀਂ, ਇਉਂ ਦੀ ਜਿਉਂ ਜਿਉਂ ਮਨ ਘੜੀਂਦਾ ਤੇ ਸਾਫ਼ ਹੁੰਦਾ ਜਾਂਦਾ ਏ, ਉਸ ਵਿਚੋਂ ਚੋਭਾਂ ਮੁੱਕਦੀਆਂ ਜਾਂਦੀਆਂ ਨੇ, ਉਸ ਦਾ ਬੋਲ ਚੁਭਦਾ ਨਹੀਂ, ਉਸ ਅੰਦਰੋਂ ਮਿਠਾਸ ਹੀ ਮਿਠਾਸ ਝਰਦੀ ਏ, ਜੋ ਸੁਨਣ ਵਾਲੇ ਦੀ ਅੱਗ ਨੂੰ ਸ਼ਾਂਤ ਕਰ ਦੇਂਦੀ ਏ। ਮੈਂ ਠੀਕ ਸਮਝ ਗਿਆ। ਤੁਹਾਡਾ ਮਨ ਨੂੰ ਘੜਨ ਦਾ ਮਤਲਬ।"

"ਹਾਂ, ਲਾਲੋ, ਮਿਠਾਸ ਵਿਹੂਣੇ ਮਨੁੱਖ ਦਾ ਮਨ ਤੇ ਤਨ ਕਲਪਦੇ ਨੇ, ਉਸ ਦੇ ਅੰਦਰ ਦੀ ਕੁੜੱਤਣ ਉਸ ਦੇ ਸਰੀਰ ਦਾ ਖੌ ਬਣੀ ਰਹਿੰਦੀ ਅਤੇ ਉਹ ਕੁਸੋਭਾ ਦਾ ਥਾਂ ਬਣਿਆ ਰਹਿੰਦਾ ਏ।

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥੧॥੨੦॥ (ਆਸਾ ਦੀ ਵਾਰ, ਪੰਨਾ ੪੭੩)

ਕੋੜਾ ਮਨੁਖ ਹੰਕਾਰੀ ਹੁੰਦਾ ਏ, ਨਿਉਂ ਚਲਣਾ ਉਸ ਦੇ ਸੁਭਾਵ ਵਿਚ ਹੁੰਦਾ ਈ ਨਹੀਂ, ਜਿਥੇ ਨਿੰਮਰਤਾ

www.AKJ.Org

ਨਹੀਂ, ਉਥੇ ਨਾਮ ਦਾ ਵਾਸਾ ਵੀ ਨਹੀਂ ਹੋ ਸਕਦਾ। ਇਸੇ ਲਈ ਹਿਰਦੇ ਦੀ ਨਿੰਮਰਤਾ ਤੇ ਰਸਨਾ ਦੀ ਮਿਠਾਸ ਨੂੰ ਗੁਣਾਂ ਦਾ ਤਤ ਨਿਚੋੜ (Essence) ਕਿਹਾ ਏ–'ਮਿਠਤ ਨੀਵੀ ਨਾਨਕਾ ਗੁਣ ਚੰਗਿਆਈਆਂ ਤਤ।' ਨਿੰਮਰਤਾ ਵਾਲੇ ਮਨੁਖ ਦੇ ਹਿਰਦੇ ਅੰਦਰ ਇਹ ਸਮਾਇਆ ਰਹਿੰਦਾ ਏ :

ਹਮ ਨਹੀ ਚੰਗੇ, ਬੁਰਾ ਨਹੀ ਕੋਇ ॥੪॥੧॥੨॥ (ਸੂਹੀ ਮ: ੧, ਪੰਨਾ ੭੨੮)

ਪਰ ਲਾਲੋ, ਮਨੁਖ ਹੈਂਕੜ ਅਤੇ ਲੋਭ-ਵਸ ਹੋਇਆ ਆਪਣੇ ਅੰਦਰ ਹੀ ਧੁਖਦਾ ਰਹਿੰਦਾ ਏ ਅਤੇ ਲਟ ਲਟ ਬਲਦੀ ਕ੍ਰੋਧ ਦੀ ਅੱਗ ਵਿਚ ਸੜ-ਬੁਝਦਾ ਏ। ਇਸ ਤੋਂ ਬਚਾਉ ਦਾ ਇਕੋ ਇਕ ਤਰੀਕਾ ਮਨ ਨੂੰ ਘੜਨਾ ਹੈ, ਜੋ ਘੜਿਆ ਜਾਂਦਾ ਕੇਵਲ ਤੇ ਕੇਵਲ ਸ਼ਬਦ ਦੀ ਟਕਸਾਲ ਅੰਦਰ। ਜਿਸ ਤਰ੍ਹਾਂ ਸੁਨਿਆਰ ਕੁਠਾਲੀ ਵਿਚ ਪਾ ਕੇ ਸੋਨੇ ਨਾਲੋਂ ਮਿਲੀ ਮੈਲ-ਮਿਟੀ ਨਿਖਾਰ ਲੈਂਦਾ ਏ, ਅਤੇ ਫਿਰ ਚੋਦਾਂ ਵੰਨੀ ਦਾ ਸੁਧ ਸੋਨਾ ਟਕਸਾਲ ਅੰਦਰ ਘੜਿਆ ਜਾਂਦਾ ਅਤੇ ਉਸ ਉਤੇ ਬਾਦਸ਼ਾਹੀ ਮੋਹਰ ਲਗ ਕੇ ਓਹ ਹਰ ਥਾਂ ਤੇ ਹਰ ਸਮੇਂ ਪ੍ਰਵਾਨ ਹੁੰਦਾ ਏ ਅਤੇ ਉਸ ਨੂੰ 'ਖਰਾ ਖਰਾ ਆਖੈ ਸਭੁ ਕੋਇ ॥੧॥ ਰਹਾਉ ॥' (ਧਨਾਸਰੀ ਮ: ੧, ਪੰਨਾ ੬੬੨)

**ਇਉਂ ਹੀ ਵਿਸ਼ੇ ਵਿਕਾਰਾਂ ਅਤੇ ਕਾਮ ਕਰੋਧ ਝੂਠ ਆਦਿਕ ਦੀ**
**ਮੈਲ ਨਾਲ ਗੰਦਾ ਹੋਇਆ ਮਨ ਸ਼ਬਦ ਨਾਲ ਸੁਧ ਹੁੰਦਾ ਏ :**

ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥ (ਬਿਲਾਵਲੁ ਮ: ੧, ਪੰਨਾ ੮੩੨)

"ਪਰ ਸਤਿ ਪੁਰਸ਼, ਮੈਂ ਕਿਲੇ ਘੜਨ ਵਾਲਾ ਮਨੁਖ ਕੀ ਜਾਣਾਂ ਸ਼ਬਦ ਕੀ ਹੁੰਦਾ ਹੈ", ਕਿਹਾ ਲਾਲੋ ਨੇ।

ਗੁਰੂ ਨਾਨਕ ਮੁਸਕ੍ਰਾਏ ਤੇ ਵਡੀ ਪਿਆਰ ਭਰੀ ਨਜ਼ਰ ਲਾਲੋ ਤੇ ਸੁਟ ਕੇ ਕਹਿਣ ਲਗੇ : "ਲਾਲੋ, ਸ਼ਬਦ ਦੀ ਕਾਰ ਰਤਾ ਕਠਨ।"

"ਪਰ ਮਹਾਰਾਜ, ਕਿ ਇਹ ਕਠਨ ਕਿੱਲੇ ਘੜਨ ਤੋਂ ਵੀ ?" ਕਿਹਾ ਲਾਲੋ।

"ਨਾ, ਲਾਲੋ" ਆਖਿਆ ਗੁਰੂ ਨਾਨਕ ਨੇ, "ਪਰ ਕਿੱਲੇ ਘੜਦਾ ਤੂੰ ਹੱਥਾਂ ਨਾਲ, ਅਤੇ ਸ਼ਬਦ ਦੀ ਕਾਰ ਕਰਨੀ ਤੇਰੇ ਮਨ ਨੇ। ਸ਼ਬਦ ਕਹਿੰਦੇ ਵਾਹਿਗੁਰੂ ਨੂੰ, ਇਹ ਗੁਰਮਤਿ ਨਾਮ ਪਰਮੇਸ਼ਰ ਦਾ, ਪਰਮੇਸ਼ਰ ਦੇ ਬੋਲਾਂ ਨੂੰ ਵੀ ਸ਼ਬਦ ਆਖਦੇ। ਜੋ ਬੋਲ ਬੋਲਣ ਪਰਮੇਸ਼ਰ ਦੇ ਪਿਆਰੇ–ਓਹ ਬੋਲਦੇ ਓਹੋ ਕੁਝ ਜੋ ਪਰਮੇਸ਼ਰ ਉਨ੍ਹਾਂ ਤੋਂ ਬੁਲਾਉਂਦਾ। ਇਸ ਤਰ੍ਹਾਂ ਉਨ੍ਹਾਂ ਦੇ ਬੋਲ ਪਰਮੇਸ਼ਰ ਦੇ ਬੋਲ ਹੁੰਦੇ ਨੇ। ਤੂੰ ਮਨ ਵਿਚ ਵਸਾਈ ਰਖ ਪਰਮੇਸ਼ਰ ਦਾ ਨਾਮ, ਪਰਮੇਸ਼ਰ ਦੀ ਵਡਿਆਈ, ਅਤੇ ਰਸਨਾ ਤੋਂ ਕਹੋ ਵਾਰ ਵਾਰ : ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਅਤੇ ਜੁੜਿਆ ਰਹੋ ਇਸ ਧੁਨ ਅੰਦਰ, ਮਨ ਕਰ ਕੇ, ਅਤੇ ਹੱਥੀਂ ਕਰਦਾ ਰਹੁ ਕਾਰ ਕਿੱਲੇ ਘੜਨ ਦੀ।

ਸਭ ਲੋਕ ਹੱਥ ਦੀ ਕਾਰ ਕਰਨੀ ਜਾਣਦੇ ਨੇ ਤੇ ਕਰਦੇ ਵੀ ਨੇ, ਪਰ ਮਨ ਦੀ ਕਾਰ ਓਹ ਨਹੀਂ ਕਰਦੇ। ਮਨ ਉਨ੍ਹਾਂ ਪਾਸੋਂ ਆਪਣੀ ਕਾਰ ਕਰਾਉਂਦਾ ਏ, ਓਹ ਲੇਲੀ ਵਾਂਗ ਮਨ ਦੇ ਪਿਛੇ ਪਿਛੇ ਲਗੇ ਫਿਰਦੇ ਨੇ, ਮਨ ਨੂੰ ਆਪਣੇ ਪਿਛੇ ਨਹੀਂ ਲਾਉਂਦੇ। ਮਨ ਦੀ ਗੁਲਾਮੀ ਕਰਦੇ ਨੇ, ਮਨ ਦੇ ਘੋੜੇ ਉਪਰ ਸਵਾਰ ਹੋਣਾ ਨਹੀਂ ਜਾਣਦੇ, ਇਸ ਲਈ ਦੁਖ ਭੋਗਦੇ ਨੇ। ਮਨ ਵਡਾ ਅਮੋੜ, ਪਰ ਜਿਵੇਂ ਤੇਰਾ ਤੇਸਾ ਸਿਧਾ ਕਰ ਦੇਂਦਾ ਵਿੰਗੀ ਟੇਢੀ ਲਕੜ ਨੂੰ, ਇਉਂ ਪਰਮੇਸ਼ਰ ਦਾ ਨਾਮ ਤੇ ਉਸ ਦੀ ਬਾਣੀ ਸੋਧ ਦਿੰਦੇ ਅਮੋੜ ਮਨ ਨੂੰ।

ਲਾਲੋ, ਇਹ ਤਾਂ ਤੂੰ ਸਮਝਦਾਂ ਕਿ ਮਨ ਵਡਾ ਨਿਚੱਲਾ, ਅੱਖ ਫਰਕਣ ਅੰਦਰ ਇਹ ਹਜ਼ਾਰਹਾਂ ਕੋਹਾਂ ਦੀ ਵਾਟ ਕਟ ਲੈਂਦਾ ਏ, ਜਿਵੇਂ ਖੁਲ੍ਹਾ ਛਡਿਆ ਘੋੜਾ ਕਿਸੇ ਨੂੰ ਡਾਹੀ ਨਹੀਂ ਦੇਂਦਾ, ਨਾ ਸਹਿਜੇ ਫੜਿਆ ਈ ਜਾਂਦਾ ਏ। ਘੋੜੇ ਨੂੰ ਕਿੱਲੇ ਤੋਂ ਖੋਲ੍ਹਣ ਤੋਂ ਪਹਿਲੋਂ ਉਸ ਨੂੰ ਲਗਾਮ ਚਾੜ੍ਹੀ ਜਾਂਦੀ ਅਤੇ ਰਾਸਾਂ ਤੋਂ ਮਜ਼ਬੂਤੀ ਨਾਲ ਫੜੀ ਰਖਿਆ ਜਾਂਦਾ ਏ। ਇਉਂ ਹੀ ਖੋਤੇ ਦਾ ਪੈਖੜ ਖੋਲ੍ਹਣ ਤੋਂ ਪਹਿਲੋਂ ਉਸ ਦੀ ਪਿਠ ਪਰ ਛਟ ਦਾ ਪੂਰਾ ਭਾਰ ਧਰ ਲੈਂਦੇ ਨੇ, ਤਾਂਕਿ ਛੱਟ ਦੇ ਦਬਾ-ਹੇਠ ਖੋਤਾ ਦੁਲੱਤੀਆਂ ਨਾ ਮਾਰੇ। ਇਹੋ ਦਸ਼ਾ ਮਨ ਦੀ ਏ, ਇਸ ਨੂੰ ਢਿੱਲੀਆਂ ਵਾਗਾਂ ਦਿਓ, ਇਹ ਪਲ ਛਿਨ ਅੰਦਰ ਕਿਧਰੇ ਦਾ ਕਿਧਰੇ ਪੁਜਿਆਂ ਹੁੰਦਾ ਏ, ਪ੍ਰੰਤੂ ਜੇ ਇਸ ਦੀਆਂ ਵਾਗਾਂ ਕਸੀ ਰਖੋ ਅਤੇ ਖੋਤੇ ਵਾਂਗ ਇਸ ਉਪਰ ਛਟ ਪਾਈ ਰਖੋ ਤਾਂ ਇਹ ਖਰਮਸਤੀਆਂ ਕਰਨ ਤੋਂ ਬਾਜ਼ ਰਹਿੰਦਾ ਏ। ਇਸ ਉਤੇ ਛੱਟ ਪਾਉਣੀ


www.AKJ.Org

ਹੁੰਦੀ ਏ ਰੁਝੇਵੇਂ ਦੀ। ਇਸ ਨੂੰ ਕਦੀ ਵਿਹਲਾ ਨਾ ਛਡੋ। ਇਸ ਨੂੰ ਅਜਿਹਾ ਆਹਰ ਦਿਓ ਜਿਸ ਤੋਂ ਇਹ ਕਦੀ ਵਿਹਲਾ ਨਾ ਹੋਵੇ। ਨਾ ਆਹਰ ਮੁੱਕੇ ਤੇ ਨਾ ਬਾਹਰ ਭਟਕਣ ਦਾ ਸਮਾਂ ਇਸ ਨੂੰ ਮਿਲੇ। ਫਿਰ ਆਹਰ ਵੀ ਐਸਾ ਹੋਵੇ, ਜਿਸ ਅੰਦਰ ਰੁਝਿਆ ਮਨ ਥਕੇ ਭੀ ਨਾ।

ਲਾਲੋ ਸਜਣਾ, ਅਜਿਹਾ ਆਹਰ ਇਕੋ ਇਕ ਆਪਣੇ ਪ੍ਰੀਤਮ ਦੀ ਯਾਦ ਦਾ। ਪਿਆਰੇ ਨੂੰ ਜਿਉਂ ਜਿਉਂ ਚੇਤੇ ਕਰੋ, ਉਹ ਵਧੇਰੇ ਮਿੱਠਾ ਤੇ ਪਿਆਰਾ ਪਿਆਰਾ ਲਗਦਾ ਏ ਅਤੇ ਉਸ ਨੂੰ ਮੁੜ ਮੁੜ ਚੇਤੇ ਕਰਨ, ਉਸ ਦੇ ਗੁਣ, ਉਸਦੀਆਂ ਖ਼ੂਬੀਆਂ ਚਿਤਾਰਦੇ ਰਹਿਣ ਨੂੰ ਮਨ ਲੋਚਦਾ ਅਤੇ ਅੰਦਰੇ ਅੰਦਰ ਇਕ ਚਾਉ ਉਠਦਾ ਏ। ਜਿਥੇ ਚਾਉ ਹੋਵੇ ਉਥੇ ਥਕੇਵਾਂ ਕਿਉਂ ਆਵੇ ? ਅਤੇ ਉਸ ਨੂੰ ਮਨੋਂ ਪਰੋਖੇ ਕਰਨ ਨੂੰ ਦਿਲ ਕਿਵੇਂ ਕਰੇ ? ਸੋ ਗੱਲ ਤਾਂ ਸਾਰੀ ਚਾਉ ਪੈਦਾ ਕਰਨ ਦੀ ਏ, ਚਾਉ ਉਠਦਾ ਪਿਆਰ ਕੀਤਿਆਂ, ਪ੍ਰੀਤਮ ਲਈ ਪਿਆਰ ਹੋਵੇ ਤਾਂ ਦਿਲ ਅੰਦਰ ਆਪ-ਮੁਹਾਰੇ ਧੂਅ ਪੈਂਦੀ, ਮਨ ਖਿਚ ਖਾਂਦਾ ਅਤੇ ਵਾਰ ਵਾਰ ਧਿਆਨ ਜਾਂਦਾ ਏ ਪਿਆਰੇ ਵੱਲ–ਇਉਂ ਪਕੀ ਹੁੰਦੀ ਯਾਦ ਪਿਆਰੇ ਦੀ, ਅਤੇ ਇਹ ਬਣ ਜਾਂਦੀ ਗਲ ਦਾ ਹਾਰ, ਫਿਰ ਰਸਨਾ ਜਪਦੀ ਪਿਆਰੇ ਦਾ ਨਾਮ, ਕੰਨਾਂ ਵਿਚ ਗੂੰਜਦੀ ਉਸ ਦੇ ਨਾਮ ਦੀ ਧੁਨ, ਅੱਖਾਂ ਵੇਖਦੀਆਂ ਉਸ ਨੂੰ ਰਮਿਆਂ ਜ਼ਰੇ ਜ਼ਰੇ ਵਿੱਚ, ਅਤੇ ਪ੍ਰਤੀਤ ਹੁੰਦਾ ਰੋਮ ਰੋਮ ਉਚਰਦਾ,

**ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ**

ਇਹ ਉਚਾਰਨ ਤੇ ਇਹ ਧੁਨ ਮਨੁੱਖ ਦਾ ਆਹਰ ਬਣ ਜਾਂਦੇ ਨੇ, ਜਿਸ ਆਹਰ ਵਿਚ ਰੁਝਿਆ ਮਨ ਫਿਰ ਉਡਣੋਂ ਖਲੋ ਜਾਂਦਾ ਏ, ਕਿਉਂਕਿ ਹਰ ਉਚਾਰਨ ਟੁੰਬਦਾਂ ਮਨੁੱਖ ਦੀ ਸੋਚ ਨੂੰ, ਜੋ ਚਿਤਾਰਦੀ ਪ੍ਰੀਤਮ ਦੀ ਕੋਈ ਵਡਿਆਈ, ਜੋ ਉਸ ਨੂੰ ਵਿਸਮਾਦੀ ਦਸ਼ਾ ਅੰਦਰ ਲੈ ਜਾਂਦੀ–

ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ ॥੨॥੯॥ (ਸੂਹੀ ਮ: ੧, ਪੰਨਾ ੭੩੧)

ਹਿਰਦੇ ਦੇ ਅੰਦਰ ਪ੍ਰੀਤਮ ਦੇ ਗੁਣਾਂ ਦੀ ਜਾਂਚ ਤੇ ਸੰਭਾਲ–ਇਹੋ ਸਾਧਨ ਮਨ ਦੇ ਟਿਕਾਉ ਦਾ, ਪਰ ਇਸ ਨੂੰ ਮਨ ਦੀ ਰਟ ਨਹੀਂ ਬਨਣ ਦੇਣਾ, ਨਾ ਹੱਠ ਧਾਰਨਾਂ ਮਣਕਿਆਂ ਦੀ ਗਿਣਤੀ ਪੂਰੀ ਕਰਨ ਦਾ, ਕਿਉਂਕਿ ਇੰਜ ਕੀਤਿਆਂ ਤਾਂ ਮਨ ਗਿਣਤੀਆਂ ਵਿਚ ਪੈ ਜਾਂਦਾ ਏ ਤੇ ਅਸਲ ਗੱਲ ਵਿਸਰ ਹੀ ਜਾਂਦੀ ਏ, ਇਸ ਤਰ੍ਹਾਂ ਇਹ ਵਿਹਾਰ ਜਿਹਾ ਬਣ ਜਾਂਦਾ ਏ–ਵਿਹਾਰ ਨਹੀਂ ਬਨਾਉਣਾ। ਗੱਲ ਸਾਰੀ ਪਿਆਰ ਦੀ–ਗਾਈਏ ਤੇ ਸੁਣੀਏ ਹਿਰਦੇ ਅੰਦਰ ਭਾਉ ਧਾਰ ਕੇ। ਇਹੋ ਰਸਤਾ ਮਨ ਦੇ ਸਾਧਨ ਦਾ, ਲਾਲੋ–"ਗਾਵੀਐ ਸੁਣੀਐ, ਮਨਿ ਰਖੀਐ ਭਾਉ ॥੫॥(ਜਪੁਜੀ)"

ਇਕ ਦਿਨ ਇਸ ਸ਼ਹਿਰ ਦੇ ਚੋਧਰੀ ਮਲਕ ਭਾਗੋ ਨੇ ਵਡਾ ਜੱਗ ਕੀਤਾ ਅਤੇ ਨਿੱਕੇ ਵਡੇ ਸਭ ਨੂੰ ਜੱਗ ਵਿਚ ਸ਼ਾਮਲ ਹੋ ਕੇ ਰੋਟੀ ਖਾਣ ਲਈ ਸਦਿਆ। ਲੋਕਾਂ ਦੇ ਖਾਣ ਲਈ ਬਹੁਤ ਚੰਗੀਆਂ ਚੰਗੀਆਂ ਤੇ ਸੁਆਦੀ ਚੀਜ਼ਾਂ ਬਣਵਾਈਆਂ। ਕਈ ਪ੍ਰਕਾਰ ਦੀਆਂ ਮਿਠਾਈਆਂ, ਕੜਾਹ ਖੀਰਾਂ ਤੇ ਮਾਹਲ ਪੂੜੇ ਤਿਆਰ ਹੋਏ। ਲੋਕ ਲਗੇ ਰਜ ਰਜ ਖਾਣ। ਜਦੋਂ ਜਗ ਹੋ ਚੁਕਾ ਅਤੇ ਲੰਗਰ ਬੰਦ ਹੋਣ ਦਾ ਸਮਾਂ ਨੇੜੇ ਢੁਕਾ ਤਾਂ ਭਾਗੋ ਨੇ ਆਪਣੇ ਨੌਕਰਾਂ ਨੂੰ ਪੁਛਿਆ ਕਿ ਕੋਈ ਆਦਮੀ ਰੋਟੀ ਖਾਣ ਤੋਂ ਰਹਿ ਤਾਂ ਨਹੀਂ ਗਿਆ ? ਤਾਂ ਉਨ੍ਹਾਂ ਜਵਾਬ ਦਿਤਾ, 'ਜੀ, ਹੋਰ ਸਭ ਲੋਕ ਰੋਟੀ ਖਾ ਗਏ ਹਨ, ਕੇਵਲ ਇਕ ਸਾਧੂ, ਜਿਸ ਦਾ ਨਾਮ ਨਾਨਕ ਹੈ, ਜੱਗ ਖਾਣ ਲਈ ਨਹੀਂ ਆਇਆ'। ਮਲਕ ਨੇ ਉਸੇ ਵੇਲੇ ਗੁਰੂ ਨਾਨਕ ਦੇਵ ਜੀ ਨੂੰ ਬੁਲਾਉਣ ਲਈ ਆਦਮੀ ਭੇਜੇ, ਪਰ ਗੁਰੂ ਜੀ ਨਾ ਆਏ। ਭਾਗੋ ਨੂੰ ਇਸ ਗੱਲ ਦਾ ਬੜਾ ਰੰਜ ਹੋਇਆ ਅਤੇ ਉਸ ਨੇ ਗੁਰੂ ਜੀ ਨੂੰ ਫੜ ਕੇ ਲੈ ਆਉਣ ਦਾ ਹੁਕਮ ਦਿਤਾ। ਜਦੋਂ ਗੁਰੂ ਜੀ ਨੂੰ ਲਿਆਂਦਾ ਗਿਆ ਤਾਂ ਮਲਕ ਨੇ ਉਨ੍ਹਾਂ ਨੂੰ ਪੁਛਿਆ ਕਿ ਤੁਸੀਂ ਮੇਰੇ ਜਗ ਵਿਚ ਕਿਉਂ ਨਹੀਂ ਆਏ ? ਮੇਰੇ ਕਿਤਨੇ ਵਧੀਆ ਖਾਣੇ ਤੇ ਮਾਹਲ ਪੂੜੇ ਸਭ ਲੋਕਾਂ ਖਾਧੇ ਹਨ, ਅਤੇ ਤੁਸਾਂ ਮੇਰੇ ਮਾਹਲ ਪੂੜੇ ਤਾਂ ਨਹੀਂ ਖਾਧੇ ਪਰ ਲਾਲੋ ਤਰਖਾਣ ਦੇ ਘਰੋਂ ਕੋਧਰੇ ਦੀ ਰੋਟੀ ਖ਼ੁਸ਼ੀ ਖ਼ੁਸ਼ੀ ਖਾਧੀ ਹੈ। ਇਹ ਕਿਉਂ ? ਗੁਰੂ ਜੀ ਬੋਲੇ, "ਮਲਿਕ ਸਾਹਿਬ, ਭਾਈ ਲਾਲੋ ਦੀ ਧਰਮ ਦੀ ਦਸਾਂ ਨਹੁੰਆਂ ਦੀ ਕੀਤੀ ਕਮਾਈ ਵਾਲੀ ਰੋਟੀ ਵਿਚੋਂ ਦੁਧ ਦੇ ਘੁਟ ਦਾ ਸੁਆਦ ਆਉਂਦਾ ਹੈ, ਪਰ ਗ਼ਰੀਬ ਮਿਹਨਤੀ ਲੋਕਾਂ ਦੀ ਖੋਹ ਮੋਹ ਕਰ ਕੇ, ਉਸ ਵਿਚੋਂ ਤਲੇ ਤੇਰੇ ਮਾਹਲ ਪੂੜੇ ਨਿਰਾ ਲਹੂ ਦੇ ਸੁਆਦ ਵਾਲੇ ਹੋਣ ਕਾਰਨ ਮੈਨੂੰ ਚੰਗੇ ਨਹੀਂ ਲਗਦੇ। ਹੱਥੀਂ ਮਿਹਨਤ ਕਰ ਕੇ ਗੁਜ਼ਾਰਾ ਕਰਨ ਵਾਲਾ ਗਰੀਬ, ਤੇਰੇ ਜੈਸੇ ਵੇਹਲੇ ਗਰੀਬ-ਮਾਰ ਕਰਨ ਵਾਲੇ ਨਾਲੋਂ ਸੌ ਗੁਣਾ ਚੰਗਾ ਹੈ।"


www.AKJ.Org

# ਗੁਰੂ ਨਾਨਕ-ਸੰਦੇਸ਼ ਦਾ ਪ੍ਰਕਾਸ਼

[ਡਾਕਟਰ ਤਾਰਨ ਸਿੰਘ ਜੀ]

ਗੁਰੂ ਨਾਨਕ ਸਾਹਿਬ ਦਾ ਸੰਦੇਸ਼ ਮਧ-ਕਾਲੀਨ ਦੇ ਭਾਰਤੀ ਇਤਿਹਾਸ ਵਿਚ ਇਕ ਮਹਾਨ ਘਟਨਾ ਹੈ, ਜਿਸ ਦੀ ਮਹਾਨਤਾ ਤੇ ਸਾਰਥਕਤਾ ਕਦੇ ਵੀ ਮੱਧਮ ਨਹੀਂ ਪਵੇਗੀ। ਇਹ ਸੰਦੇਸ਼ ਗੁਰੂ ਬਾਬਾ ਜੀ ਸਾਨੂੰ ਸੰਨ ੧੪੯੮ ਤੋਂ ੧੫੨੧ ਈ: ਤੀਕ ਦੇਸ਼ਾਂ ਪ੍ਰਦੇਸ਼ਾਂ ਵਿਚ ਫਿਰ ਕੇ ਵੰਡਦੇ ਰਹੇ ਅਤੇ ਭਾਰਤ ਵਿਚ ਚਲ ਰਹੇ ਹਰ ਫ਼ਿਰਕੇ ਤੇ ਧਰਮ ਨੇ ਆਪ ਦੇ ਸੰਦੇਸ਼ ਨੂੰ ਬੜੀ ਗੰਭੀਰਤਾ ਨਾਲ ਸੁਣਿਆ ਅਤੇ ਉਸ ਸੰਦੇਸ਼ ਦਾ ਹਰ ਪਾਸੇ ਡੂੰਘਾ ਪ੍ਰਭਾਵ ਵੀ ਪਿਆ। ਇਸ ਦਾ ਪ੍ਰਮਾਣ ਇਕ ਇਹ ਵੀ ਹੈ ਕਿ ਸੰਨ ੧੫੨੧ ਤੀਕ ਗੁਰੂ ਨਾਨਕ ਸਾਹਿਬ ਨੂੰ ਮੁਸਲਮਾਨਾਂ ਨੇ 'ਹਜ਼ਰਤ ਬਾਬਾ ਨਾਨਕ' ਕਹਿਣਾ ਸ਼ੁਰੂ ਕਰ ਦਿਤਾ ਸੀ। ਹਿੰਦੂ ਜਨਤਾ ਨੇ ਆਪ ਨੂੰ 'ਨਾਨਕ ਦੇਵ' ਕਹਿ ਕੇ ਪਿਆਰਨਾ ਸ਼ੁਰੂ ਕਰ ਦਿਤਾ ਸੀ ਅਤੇ ਨਾਥਾਂ-ਜੋਗੀਆਂ ਨੇ ਆਪ ਨੂੰ 'ਨਾਨਕ-ਨਾਥ' ਮੰਨ ਲਿਆ ਸੀ। ਆਪ ਦੇ ਨਾਂ ਨਾਲ ਪੀਰ, ਫ਼ਕੀਰ ਆਦਿ ਦੇ ਸ਼ਬਦ ਵੀ ਵਰਤੇ ਜਾਣ ਲਗ ਪਏ ਸਨ। ਸਿਖ ਸਮਾਜ ਵਿਚ ਆਪ 'ਗੁਰੂ ਨਾਨਕ' ਸਨ।

ਜੇ ਧਿਆਨ ਨਾਲ ਵਿਚਾਰਿਆ ਜਾਵੇ, ਤਦ ਇਨ੍ਹਾਂ ਸਭ ਲਕਬਾਂ ਦਾ ਅਰਥ ਇਕੋ ਹੀ ਹੈ। ਬਾਬਾ ਉਸ ਬਜ਼ੁਰਗ ਨੂੰ ਕਹਿੰਦੇ ਹਨ ਜਿਸ ਦੀ ਸਿਆਣਪ ਮੰਨੀ-ਪ੍ਰਮੰਨੀ ਹੈ ਅਤੇ ਜਿਸ ਦੇ ਹਿਰਦੇ ਵਿਚ ਵਿਤਕਰਾ ਨਹੀਂ। ਬਾਬਾ ਉਹ ਹੈ ਜੋ ਸਿਆਣਪ, ਗਿਆਨ ਦਾ ਭੰਡਾਰ ਹੈ ਅਤੇ ਜੋ ਪਿਆਰ ਦਾ ਸਾਗਰ ਹੈ। ਇਹ ਦੋ ਤੱਤ ਹੀ ਬਾਬੇ ਦੇ ਲਖਾਇਕ ਹਨ।

ਡਾ: ਰਾਧਾ ਕ੍ਰਿਸ਼ਨਨ ਜੀ ਨੇ 'ਦੇਵ' ਦੇ ਅਰਥ ਰੌਸ਼ਨੀ ਦੇਣ ਵਾਲਾ ਅਤੇ ਦਾਤਾਂ ਦੇਣ ਵਾਲਾ ਕੀਤੇ ਹਨ। ਰੌਸ਼ਨੀ ਦੇਣ ਦਾ ਭਾਵ ਗਿਆਨ ਤੇ ਸਿਆਣਪ ਦਾ ਭੰਡਾਰ ਹੋਣਾ ਹੈ ਅਤੇ ਪਿਆਰ ਦਾ ਸੂਚਕ ਹੈ, ਜੋ ਸਭ ਨੂੰ ਦਾਤਾਂ ਦੇਂਦਾ ਹੈ। ਇਹ ਦੋ ਭਾਵ 'ਨਾਥ' ਸ਼ਬਦ ਦੇ ਵੀ ਹਨ। ਨਾਥ ਉਹ ਹੈ ਜੋ ਗੁਰੂ-ਗਿਆਨ ਤੇ ਸਿਆਣਪ ਦਾ ਭੰਡਾਰ ਹੈ। ਨਾਥ ਉਹ ਹੈ ਜੋ ਖ਼ਜ਼ਾਨਿਆਂ ਦਾ ਮਾਲਕ ਹੈ ਅਤੇ ਸਭ ਨੂੰ ਵੰਡਦਾ ਹੈ।

ਗੁਰੂ ਪਦਵੀ ਅਲੌਕਿਕ ਹੈ। ਪਹਿਲਾਂ ਗਿਆਨਵਾਨ ਤੇ ਸਿਆਣੇ ਲੋਕਾਂ ਨੂੰ ਰਿਸ਼ੀ, ਮੁਨੀ, ਜੋਗੀ, ਪੀਰ, ਪੈਗ਼ੰਬਰ ਕਿਹਾ ਜਾਂਦਾ ਰਿਹਾ ਹੈ; ਪਰ ਗੁਰੂ ਤੇ ਜਗਤ-ਗੁਰੂ ਕਦੇ ਘਟ ਹੀ ਕਿਸੇ ਨੂੰ ਕਿਹਾ ਹੈ। ਗੁਰੂ ਉਹ ਹੈ ਜੋ ਰਿਸ਼ੀਆਂ, ਮੁਨੀਆਂ, ਸਾਧਾਂ, ਸਿਧਾਂ, ਬੁਧਾਂ, ਨਾਥਾਂ ਤੇ ਜੋਗੀਆਂ ਸਭ ਦਾ ਗੁਰੂ ਹੈ। ਪਰ ਬਾਬਾ, ਦੇਵ ਤੇ ਨਾਥ ਸ਼ਬਦ ਵੀ ਉਨ੍ਹਾਂ ਲੋਕਾਂ ਨੇ ਆਪਣੀ ਆਪਣੀ ਸ਼ਰਧਾ ਤੇ ਪਿਆਰ ਵਿਚ ਭਿਜ ਕੇ ਵਰਤੇ, ਅਤੇ ਉਹ ਇਸ ਗੱਲ ਦੇ ਸਾਖੀ ਹਨ ਕਿ ਗੁਰੂ ਬਾਬੇ ਦੀ ਸਿਆਣਪ ਅਤੇ ਉਨ੍ਹਾਂ ਦੀ ਹਮਦਰਦੀ-ਪਿਆਰ ਦਾ ਸਭ ਨੂੰ ਵਿਸ਼ਵਾਸ ਸੀ। ਬਾਬਾ ਸ਼ਬਦ ਬੜਾ ਦ੍ਰਿੜ੍ਹ ਹੋਇਆ ਹੈ ਅਤੇ ਭਾਈ ਗੁਰਦਾਸ ਜੀ ਨੇ ਅਤੇ ਹੋਰ ਲੇਖਕਾਂ ਨੇ ਵੀ ਬਾਬਾ ਨਾਨਕ ਹੀ ਵਰਤਿਆ ਹੈ। ਇਥੋਂ ਤੀਕ ਕਿ ਹੌਲੀ ਹੌਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਵੀ 'ਬਾਬਾ' ਦਾ ਸ਼ਬਦ ਵਰਤਿਆ ਜਾਣ ਲਗ ਪਿਆ ਹੈ। ਗੁਰੂ ਗ੍ਰੰਥ ਵੀ ਸੱਚ ਮੁੱਚ ਬਾਬਾ ਹੈ, ਜਿਸ ਦੀ ਫ਼ਿਲਾਸਫ਼ੀ, ਗਿਆਨ ਤੇ ਸਿਆਣਪ ਅਲੌਕਿਕ ਹੈ; ਪਰ ਇਹ ਹਿਰਦਾ ਵੀ ਕੇਵਲ ਇਸੇ ਬਾਬੇ ਦਾ ਹੀ ਹੈ ਕਿ ਊਚ ਨੀਚ, ਹਿੰਦੂ ਮੁਸਲਮਾਨ ਦੀ ਬਾਣੀ ਬਿਨਾਂ ਜਾਤ, ਰੰਗ, ਰੂਪ, ਇਲਾਕੇ, ਬੋਲੀ, ਮਾਰਗ, ਸਭਿਆਚਾਰ ਦੇ ਵਿਤਕਰੇ ਸਾਂਭੀ ਹੋਈ ਹੈ। ਇਹ ਬਾਬੇ ਦੇ ਸਭ ਪਿਆਰੇ ਹਨ, ਤੇ ਬਾਬਾ ਸਭ ਦਾ ਪਿਆਰਾ ਹੈ।

ਭਾਈ ਗੁਰਦਾਸ ਜੀ ਦੇ ਤੱਤ ਵਿਸ਼ੇਸ਼ ਹਨ, ਜੋ ਕਿ ਗੁਰੂ ਨਾਨਕ ਸੰਦੇਸ਼ ਬਾਰੇ ਉਨ੍ਹਾਂ ਨੇ ਇਕ ਗੱਲ ਇਹ ਵੀ ਕਹੀ ਹੋਈ ਹੈ ਕਿ ਗੁਰੂ ਨਾਨਕ ਦਾ ਸੰਦੇਸ਼ ਇਸ ਤਰ੍ਹਾਂ ਪ੍ਰਕਾਸ਼ਮਾਨ ਹੋਇਆ ਜਿਵੇਂ ਸੂਰਜ ਚੜ੍ਹ ਜਾਂਦਾ ਹੈ ਅਤੇ ਤਾਰੇ ਅਲੋਪ ਹੋ ਜਾਂਦੇ ਹਨ—'ਸੂਰਜ ਨਿਕਲਿਆ ਤਾਰੇ ਛੁਪ ਗਏ।'

ਦੂਜੀ ਗੱਲ ਜੋ ਭਾਈ ਗੁਰਦਾਸ ਜੀ ਨੇ ਕਹੀ ਹੈ, ਉਹ ਇਹ ਹੈ ਕਿ ਗੁਰੂ ਨਾਨਕ ਦਾ ਸੰਦੇਸ਼ ਇਕ ਗਰਜ ਸੀ। ਸਿੰਘ ਦੀ ਗਰਜ, ਜਿਸ ਦੀ ਧਾਂਕ ਮਿਰਗ ਨਾ ਲਿਆ ਸਕੇ ਅਤੇ ਉਹ ਨਠ ਉਠੇ—'ਸਿੰਘ ਬੁਕੇ ਮ੍ਰਿਗਾਵਲੀ ਭੰਨੀ ਜਾਏ'...।

www.AKJ.Org

ਤੀਜੀ ਗੱਲ ਜੋ ਭਾਈ ਗੁਰਦਾਸ ਜੀ ਨੇ ਕਹੀ ਹੈ, ਉਹ ਬਹੁਤ ਹੀ ਮਹਾਨ ਹੈ। ਉਹ ਇਹ ਹੈ ਕਿ ਗੁਰੂ ਨਾਨਕ ਨੇ ਐਸਾ ਸੰਦੇਸ਼ ਦਿਤਾ, ਜਿਸ ਕਰਕੇ ਭਾਰਤੀ ਲੋਕਾਂ ਤੋਂ 'ਅਥਰਵਣੀ ਭਾਰ' ਲਹਿ ਗਿਆ। ਗੁਰਮੁਖਿ ਗੁਰੂ ਨਾਨਕ ਨੇ ਭਾਰਤ ਦੀ ਮਨ, ਬੁਧੀ ਤੇ ਆਤਮਾ ਤੋਂ ਅਥਰਵਣ ਦਾ ਭਾਰ ਉਤਾਰ ਦਿਤਾ–

'ਗੁਰਮੁਖਿ ਭਾਰ ਅਥਰਬਣਿ ਤਾਰਾ'॥ (ਵਾਰ ੧, ਪਉੜੀ ੩੮)

ਭਾਈ ਗੁਰਦਾਸ ਜੀ ਦੇ ਇਨ੍ਹਾਂ ਤਿੰਨਾਂ ਕਥਨਾਂ ਨੂੰ ਸੰਖੇਪ ਰੂਪ ਵਚ ਸਮਝਣਾ ਉਚਿਤ ਹੈ। ਇਵੇਂ ਜਾਪਦਾ ਹੈ ਕਿ ਭਾਈ ਗੁਰਦਾਸ ਜੀ ਨੇ 'ਸੂਰਜ ਨਿਕਲਿਆ ਤਾਰੇ ਛੁਪੇ' ਵਿਚ ਸੂਰਜ ਗੁਰੂ ਨਾਨਕ ਲਈ ਸੰਦੇਸ਼ ਨੂੰ ਕਿਹਾ ਹੈ, ਪਰ ਤਾਰੇ ਤੋਂ ਭਾਵ ਕੀ ਹੋ ਸਕਦਾ ਹੈ? ਵੈਸੇ ਸੂਰਜ ਦੇ ਨਿਕਲਣ ਨਾਲ ਤਾਰੇ ਛੁਪਦੇ ਨਹੀਂ,ਅਤੇ ਹਰ ਤਾਰਾ ਸੂਰਜ ਤੋਂ ਲੱਖਾਂ ਗੁਣਾ ਵੱਡਾ ਵੀ ਹੈ, ਪਰ ਗੁਰੂ ਨਾਨਕ ਦਾ ਸੰਦੇਸ਼ ਸੂਰਜ ਵਾਂਗ ਸੀ। ਭਾਰਤ ਦੇ ਦੂਜੇ ਫ਼ਲਸਫ਼ੇ ਭਾਵੇਂ ਉਹ ਕਿਡੇ ਮਹਾਨ ਤੇ ਵੱਡੇ ਵੱਡੇ ਸਨ, ਤਾਰਾ ਬਣ ਚੁਕੇ ਸਨ। ਤਾਰੇ ਭਾਵੇਂ ਵੱਡੇ ਹਨ, ਮਹਾਨ ਹਨ, ਪਰ ਸਾਡੀ ਧਰਤੀ ਤੋਂ ਇਤਨੇ ਦੂਰ ਹਨ ਕਿ ਉਨ੍ਹਾਂ ਦੀ ਰੋਸ਼ਨੀ ਸਾਡਾ ਰਸਤਾ ਰੋਸ਼ਨ ਨਹੀਂ ਕਰਦੀ। ਉਨ੍ਹਾਂ ਦੀ ਗਰਮੀ ਸਾਨੂੰ ਨਿੱਘ ਨਹੀਂ ਦੇਂਦੀ, ਸਾਡੀਆਂ ਫ਼ਸਲਾਂ ਨਹੀਂ ਪਕਾ ਸਕਦੀ, ਸਾਡੇ ਕਪੜੇ ਨਹੀਂ ਸੁਕਾ ਸਕਦੀ। ਆਪਣੇ ਆਪ ਵਿਚ ਫ਼ਿਲਾਸਫ਼ੀਆਂ ਮਹਾਨ ਸਨ, ਪਰ ਉਨ੍ਹਾਂ ਦਾ ਜੀਵਨ ਨਾਲ ਸੰਬੰਧ ਟੁਟ ਚੁਕਾ ਸੀ, ਉਹ ਜੀਵਨ ਦਾ ਰਸਤਾ ਰੋਸ਼ਨ ਨਹੀਂ ਸਨ ਕਰਦੀਆਂ, ਜੀਵਨ ਵਿਚ ਗਰਮੀ ਤੇ ਨਿੱਘ ਪੈਦਾ ਕਰ ਕੇ ਜੀਵਨ ਨੂੰ ਸੁਖੀ ਨਹੀਂ ਸਨ ਬਣਾਉਂਦੀਆਂ।

ਗੁਰੂ ਨਾਨਕ ਨੇ ਜੋ ਸੰਦੇਸ਼ ਦਿਤਾ, ਉਹ ਸੂਰਜ ਵਾਂਗ ਸੀ, ਉਹ ਜ਼ਿੰਦਗੀ ਦੀਆਂ ਸਮੱਸਿਆਵਾਂ ਨੂੰ ਰੋਸ਼ਨ ਕਰਦਾ ਸੀ ਅਤੇ ਮਨੁਖ ਦੇ ਪਿਆਰ ਵਿਚ ਭਿੱਜਾ ਹੋਇਆ ਸੀ, ਉਹ ਮਨੁਖ ਨੂੰ ਨਿੱਘ ਤੇ ਗਰਮੀ ਪਹੁੰਚਾਉਂਦਾ ਸੀ ਅਤੇ ਮਨੁਖ ਦੀਆਂ ਫ਼ਸਲਾਂ ਪਕਾਂਦਾ ਸੀ, ਬੀਮਾਰੀ ਲਈ ਕੀਟਾਣੂਆਂ ਨੂੰ ਨਾਸ਼ ਕਰਨ ਦੇ ਸਮਰੱਥ ਸੀ। ਭਾਰਤ ਦੀਆਂ ਦੂਜੀਆਂ ਫ਼ਿਲਾਸਫ਼ੀਆਂ ਤਾਰਾ ਬਣ ਕੇ ਰਹਿ ਚੁਕੀਆਂ ਸਨ ਅਤੇ ਮਨੁਖ ਨੂੰ ਸੋਹਣੀਆਂ ਲਗਦੀਆਂ ਸਨ; ਪਰ ਮਨੁਖ ਦੇ ਕਿਸੇ ਕੰਮ ਨਹੀਂ ਸਨ ਆਉਂਦੀਆਂ। ਗੁਰੂ ਨਾਨਕ ਸਾਹਿਬ ਦੀ ਫ਼ਿਲਾਸਫ਼ੀ ਦੀ ਰੋਸ਼ਨੀ ਵਿਚ ਮਨੁਖ ਆਪਣਾ ਰਸਤਾ ਸਾਫ਼ ਵੇਖ ਰਿਹਾ ਸੀ ਅਤੇ ਇਹ ਫ਼ਿਲਾਸਫ਼ੀ ਉਸ ਦੇ ਜੀਵਨ ਲਈ ਇਤਨੀ ਲਾਭਦਾਇਕ ਸੀ ਜਿਤਨੀ ਸੂਰਜ ਸਾਡੇ ਜੀਵਨ ਲਈ ਹੈ। ਇਹੋ ਇਸ ਫ਼ਿਲਾਸਫ਼ੀ ਦੀ ਮਹਾਨਤਾ ਹੈ।

ਭਾਈ ਗੁਰਦਾਸ ਜੀ ਨੇ ਦੂਜੀ ਗੱਲ ਇਹ ਕਹੀ ਹੈ ਕਿ ਗੁਰੂ ਦੇ ਬੋਲ ਵਿਚ ਸਿੰਘ ਦੀ ਗਰਜ ਸੀ, ਜਿਸ ਨੂੰ ਸੁਣ ਕੇ ਮ੍ਰਿਗਾਂਵਲੀ ਭਜ ਤੁਰਦੀ। ਇਹ ਮ੍ਰਿਗਾਵਲੀ ਕੀ ਸੀ? ਜਾਪਦਾ ਹੈ ਕਿ ਮ੍ਰਿਗਾਵਲੀ ਤੋਂ ਭਾਵ ਧਰਮ ਦੇ ਉਹ ਬਣੇ ਠੇਕੇਦਾਰ ਸਨ ਜਿਹੜੇ ਰਸਮਾਂ, ਰੀਤਾਂ, ਕਰਮਾਂ, ਸ਼ਗਨਾਂ, ਦਾਨ ਪੁੰਨ, ਪੂਜਾ-ਪਾਠ ਕਰਦੇ ਕਰਾਉਂਦੇ ਸਨ, ਲੋਕਾਂ ਦਾ ਕਮਾਇਆ ਧਨ ਖਾਂਦੇ ਪੀਂਦੇ ਤੇ ਮੌਜਾਂ ਉਡਾਂਦੇ ਸਨ। ਇਹ ਮ੍ਰਿਗਾਵਲੀ ਇਹ ਹਾਕਮ ਸਨ ਜਿਹੜੇ ਲੋਕਾਂ ਦੇ ਖ਼ੂਨ ਪਸੀਨੇ ਦੀ ਕਮਾਈ ਤੇ ਪਲਦੇ ਸਨ, 'ਰਾਜੇ ਸੀਹ ਮੁਕਦਮ ਕੁਤੇ'* ਬਣੇ ਹੋਏ ਸਨ। ਇਸ ਮ੍ਰਿਗਾਵਲੀ ਵਿਚ ਪੰਡਿਤ, ਪਾਂਧੇ ਤੇ ਮੁਲਾਂ-ਮੌਲਵੀ ਵੀ ਸਨ, ਜਿਹੜੇ ਵਿਦਿਆ ਦੀ ਗ਼ਲਤ ਵਰਤੋਂ ਕਰਦੇ ਕਰਾਉਂਦੇ ਸਨ। ਮ੍ਰਿਗਾਵਲੀ ਵਿਚ ਉਹ ਸਾਰੇ ਸਾਮਲ ਸਨ, ਜਿਹੜੇ ਜਨਤਾ ਦਾ ਖ਼ੂਨ ਚੂਸ ਰਹੇ ਸਨ—ਜਨਤਾ ਨੂੰ ਝੂਠੇ ਗ਼ਲਟ ਝਮੇਲਿਆਂ ਵਿਚ ਪਾ ਕੇ। ਬਾਬਾ ਨਾਨਕ ਦੀ ਆਵਾਜ਼ ਵਿਚ ਜਾਗ੍ਰਿਤੀ ਸੀ, ਇਨਸਾਫ਼ ਲਈ ਵੰਗਾਰ, ਨਿਆਂ ਦੇਣ ਤੇ ਲੈਣ ਲਈ ਤੀਬਰਤਾ, ਤੇ ਧਰਮ ਨੂੰ ਭਰਮ-ਪਾਖੰਡ, ਰਸਮਾਂ, ਰੀਤਾਂ, ਕਰਮ ਕਾਂਡਾਂ ਤੋਂ ਮੁਕਤ ਕਰਨ ਦੀ ਸਮਰੱਥਾ ਸੀ। ਇਹ ਸੰਦੇਸ਼ ਇਤਨਾ ਦਲੀਲ ਤੇ ਪੂਰਤ ਸੀ, ਉਹ ਭਰਮ ਪਾਖੰਡ ਤੋਂ ਇਤਨਾ ਆਜ਼ਾਦ ਸੀ ਕਿ ਇਨ੍ਹਾਂ ਮ੍ਰਿਗਾਂ ਨੂੰ ਨਸਣਾ ਹੀ ਪਿਆ। ਇਸ ਸੰਦੇਸ਼ ਦੇ ਇਸ ਪੱਖ ਦੀ ਕਰਾਮਾਤ ਨੂੰ ਵਾਰ ਆਸਾ ਚੋਂ ਵੇਖਣ ਦੀ ਲੋੜ ਹੈ। ਵਾਰ ਆਸਾ ਨਿਖੇੜ ਕਰਦੀ ਹੈ ਕਿ ਕੀ ਧਰਮ ਹੈ ਅਤੇ ਕੀ ਕੁਝ ਧਰਮ ਨਹੀਂ ਹੈ? ਇਹ ਸਿੰਘ ਦੀ ਆਵਾਜ਼ ਹੈ।

ਭਾਈ ਗੁਰਦਾਸ ਜੀ ਦਾ ਇਹ ਕਥਨ ਵਿਸ਼ੇਸ਼ ਹੈ ਕਿ ਗੁਰੂ ਨਾਨਕ ਦੇ ਸੰਦੇਸ਼ ਨੇ ਭਾਰਤ ਦੀ ਆਤਮਾ ਤੋਂ ਅਥਰਬਣੀ-ਭਾਰ ਦੂਰ ਕਰ ਦਿਤਾ।

*ਮ: ੧, ਵਾਰ ਮਲਾਰ, ਪੰਨਾ ੧੨੮੮


www.AKJ.Org

# ਸ਼ਖ਼ਸੀ ਪੂਜਾ

[ਡਾਕਟਰ ਮਹਿੰਦਰ ਸਿੰਘ ਢਿਲੋਂ]

ਅਜੋਕੇ ਜੁਗ ਅੰਦਰ ਸਿੱਖ ਸਮਾਜ ਵਿਚ ਆਪਣੇ ਆਪ ਬਣ ਬੈਠੇ ਗੁਰੂਆਂ ਤੇ ਅਖੌਤੀ ਸੰਤਾਂ ਦੀ ਗਿਣਤੀ ਵਿਚ ਕਾਫ਼ੀ ਵਾਧਾ ਹੋ ਰਿਹਾ ਹੈ। ਇਨ੍ਹਾਂ ਦੰਭੀਆਂ ਤੇ ਪਾਖੰਡੀਆਂ ਨੇ ਭੋਲੇ ਭਾਲੇ ਲੋਕਾਂ ਦੀਆਂ ਸ਼ਰਧਾ-ਭਾਵਨਾਵਾਂ ਤੋਂ ਅਯੋਗ ਲਾਭ ਉਠਾ ਕੇ ਐਸ਼-ਆਰਾਮ ਦੀ ਜ਼ਿੰਦਗੀ ਬਤੀਤ ਕਰਨਾ ਆਪਣਾ ਮੁੱਖ ਮੰਤਵ ਬਣਾਇਆ ਹੁੰਦਾ ਹੈ। ਇਨ੍ਹਾਂ ਦੇ ਮੂੰਹ ਦਾ ਜੂਠਾ ਪਾਣੀ ਤੇ ਭੋਜਨ ਸੰਗਤ ਵਿਚ ਛੱਕਣ ਲਈ ਸੀਤ ਪ੍ਰਸ਼ਾਦ ਕਹਿ ਕੇ ਵਰਤਾਇਆ ਜਾਂਦਾ ਹੈ। ਪੈਰਾਂ ਤੇ ਮੱਥੇ ਟਿਕਾਏ ਜਾਂਦੇ ਹਨ।

ਇਹ ਚਤੁਰ ਲੋਕ, ਲੋਕਾਂ ਤੋਂ ਧਨ ਇਕੱਠਾ ਕਰਨ ਲਈ ਕਈ ਪ੍ਰਕਾਰ ਦੇ ਢੋਂਗ ਰਚਦੇ ਹਨ। ਅਖੰਡ ਪਾਠਾਂ ਦੀ ਲੜੀ ਸ਼ੁਰੂ ਕਰਵਾ ਦਿੰਦੇ ਹਨ ਜਾਂ ਕੋਈ ਬੇ-ਲੋੜਾ ਅਤੇ ਬੇ-ਢੰਗੇ ਮਕਾਨ ਦੀ ਉਸਾਰੀ ਸ਼ੁਰੂ ਕਰਵਾ ਕੇ, ਇਸ ਤਰ੍ਹਾਂ ਇਹ ਗ਼ਰੀਬ/ਅਮੀਰ ਲੋਕਾਂ/ਸਿੱਖਾਂ ਤੋਂ ਮਾਇਆ ਦੇ ਖੁਲ੍ਹੇ ਗੱਫੇ ਵਸੂਲ ਕਰਨ ਦਾ ਮਾਧਿਅਮ ਬਣਾ ਲੈਂਦੇ ਹਨ। ਦੂਰ ਨੇੜੇ ਫੇਰੀਆਂ ਪਾ ਕੇ ਧਰਮ ਪਰਚਾਰ ਦਾ ਨਾਉਂ ਲੈ ਕੇ ਆਪਣੀ ਸਿੱਖੀ ਸੇਵਕੀ ਦਾ ਦਾਇਰਾ ਵੱਡਾ ਬਣਾਉਣ ਦੇ ਆਹਰ ਵਿਚ ਲਗੇ ਰਹਿੰਦੇ ਹਨ। ਇਹ ਕਹਿੰਦੇ ਸੁਣਨ ਵਿਚ ਆਉਂਦੇ ਹਨ ਕਿ ਅਸੀਂ ਇਸ ਤਰ੍ਹਾਂ ਸਿੱਖ ਕੌਮ ਦੀ ਸੇਵਾ ਵਿਚ ਲਗੇ ਹੋਏ ਹਾਂ, ਵਾਸਤਵ ਵਿਚ ਇਹ ਸਿੱਖਾਂ ਤੋਂ ਆਪਣੀ ਸੇਵਾ ਕਰਵਾ ਰਹੇ ਹਨ। ਲੋੜ ਹੈ ਕਿ ਇਨ੍ਹਾਂ ਸ੍ਵੈ-ਪ੍ਰਸਤਾਂ ਦੇ ਵਿਰੁੱਧ ਆਵਾਜ਼ ਬੁਲੰਦ ਕਰ ਕੇ ਆਮ ਲੋਕਾਂ ਨੂੰ ਖ਼ਬਰਦਾਰ ਕੀਤਾ ਜਾਵੇ, ਤਾਂ ਕਿ ਉਹ ਇਨ੍ਹਾਂ ਦੇ ਪਾਖੰਡੀ ਜਾਲਾਂ ਵਿਚ ਫਸਣ ਤੋਂ ਬਚ ਜਾਣ। ਇਹ ਗੱਲ ਸਪੱਸ਼ਟ ਹੈ ਕਿ ਸਿੱਖ ਧਰਮ ਵਿਚ ਆਦਮ-ਪ੍ਰਸਤੀ ਦੀ ਕੋਈ ਗੁੰਜਾਇਸ਼ ਨਹੀਂ।

ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਕੁਝ ਗੁਰਮੁਖ ਸੱਜਣ, ਨਾਮ ਅਭਿਆਸ ਕਮਾਈ ਵਾਲੇ, ਨਿਸ਼ਕਾਮ ਸੇਵਕ ਅਤੇ ਸਾਦਾ ਤੇ ਸੱਚੀ ਸੁੱਚੀ ਜ਼ਿੰਦਗੀ ਵਾਲੇ ਹਰ ਪ੍ਰਕਾਰ ਦੇ ਲੋਭ-ਲਾਲਚ ਤੋਂ ਰਹਿਤ ਇਤਿਹਾਸਕ ਗੁਰਦੁਆਰਿਆਂ ਦੀਆਂ ਸੁੰਦਰ ਇਮਾਰਤਾਂ ਬਣਾਉਣ ਹਿੱਤ ਅਤੇ ਸਿੱਖੀ ਪਰਚਾਰ ਦੀ ਨਿਸ਼ਕਾਮ ਸੇਵਾ ਵਿਚ ਆਪਣਾ ਜੀਵਨ ਅਰਪਨ ਕਰ ਬੈਠੇ ਹਨ। ਉਹ ਗੁਰਮੁਖ ਜਾਂ ਸੰਤ ਜਨ ਧੰਨਤਾ ਦੇ ਪਾਤਰ ਹਨ, ਉਨ੍ਹਾਂ ਦਾ ਜੀਵਨ ਵੀ ਧੰਨਤਾ ਯੋਗ ਹੈ। ਉਨ੍ਹਾਂ ਰਾਹੀਂ ਸੇਵਾ ਜਾਂ ਮਾਇਕ ਸਹਾਇਤਾ ਕੀਤੀ ਸਫਲ ਹੈ।

ਭਾਰਤ ਦੇ ਕਈ ਧਰਮਾਂ ਵਿਚ ਅਨੇਕ ਦੇਵਤਿਆਂ ਦੀ ਪੂਜਾ ਪ੍ਰਚਲਤ ਹੈ। ਇਸੇ ਤਰ੍ਹਾਂ ਅਨੇਕ ਦੇਵੀਆਂ ਦੀ ਉਪਾਸ਼ਨਾ ਦੀ ਵੀ ਮਹੱਤਤਾ ਹੈ। ਉਹ ਲੋਕ ਉਨ੍ਹਾਂ ਦੇਵੀ ਦੇਵਤਿਆਂ ਨੂੰ ਆਪਣਾ ਇਸ਼ਟ ਮੰਨ ਕੇ ਪੂਜਦੇ ਹਨ। ਉਨ੍ਹਾਂ ਦੀਆਂ ਪੱਥਰ ਦੀਆਂ ਕਲਪਿਤ ਮੂਰਤੀਆਂ ਘੜ ਕੇ ਮੰਦਰਾਂ ਵਿਚ ਸਥਾਪਤ ਕੀਤੀਆਂ ਜਾਂਦੀਆਂ ਹਨ। ਅਜਿਹੇ ਮੰਦਰਾਂ ਨਾਲ ਭਾਰਤ ਭਰਿਆ ਪਿਆ ਸੀ। ਕੋਨੇ ਕੋਨੇ, ਥਾਂ ਥਾਂ ਮੰਦਰ ਉਸਾਰੇ ਗਏ ਸਨ। ਹਜ਼ਾਰਾਂ ਮੂਰਤੀਆਂ ਵਡਮੁਲੇ ਹੀਰੇ ਮੋਤੀ ਸੋਨੇ ਚਾਂਦੀ ਨਾਲ ਭੂਸ਼ਤ ਕੀਤੀਆਂ ਗਈਆਂ ਸਨ। ਬਾਹਰੋਂ ਆਏ ਦਿੱਲੀ ਦੇ ਬਾਦਸ਼ਾਹਾਂ ਨੇ ਲੱਖਾਂ ਰੁਪਇਆਂ ਦਾ ਧਨ ਮਾਲ ਲੁਟਿਆ। ਇਸ ਤਰ੍ਹਾਂ ਬੁੱਤ-ਸ਼ਿਕਨੀ ਦੇ ਕਾਰਜ ਨੂੰ ਉਹ ਆਪਣੇ ਧਰਮ ਦਾ ਚੰਗਾ ਫ਼ਰਜ਼ ਸਮਝ ਕੇ ਮਨ ਦੀ ਤਸੱਲੀ ਵੀ ਹਾਸਲ ਕਰਦੇ ਰਹੇ ਸਨ। ਫੇਰ ਵੀ ਮੰਦਰਾਂ ਦੀ ਅੱਜੇ ਕਮੀ ਨਹੀਂ ਹੋਈ।

ਜਿਸ ਦੇਵੀ ਦੇਵਤੇ ਦੀ ਪੂਜਾ ਉਪਾਸ਼ਨਾ ਕਰਨੀ ਹੁੰਦੀ ਹੈ, ਉਸ ਦੀ ਕਲਾਕਾਰ ਤੋਂ ਪੱਥਰ ਦੀ ਕਲਪਤ ਮੂਰਤੀ ਘੜਵਾ ਲੈਂਦੇ ਹਨ। ਇਸ ਦੇਸ਼ ਵਿਚ ਇਕੱਲੇ ਦੇਵਤੇ ਹੀ ਨਹੀਂ ਪੂਜੇ ਜਾਂਦੇ, ਕਈ ਪਰਬਤ, ਕਈ ਨਦੀਆਂ ਦੇ ਪਾਣੀ ਨੂੰ ਪਵਿੱਤਰ ਜਾਣ ਕੇ ਪੂਜਿਆ ਜਾਂਦਾ ਹੈ। ਉਨ੍ਹਾਂ ਤੋਂ ਵਰ ਮੰਗੇ ਜਾਂਦੇ ਹਨ। ਕਈ ਪਸ਼ੂ ਵੀ ਪੂਜਣ ਯੋਗ ਬਣਾ ਰਖੇ ਹਨ। ਇਸੇ ਤਰ੍ਹਾਂ ਕਈ ਦਰੱਖ਼ਤ ਵੀ ਪੂਜੇ ਜਾ ਰਹੇ ਹਨ। ਕਈ ਤੁਲਸੀ ਜੈਸੀਆਂ ਛੋਟੀਆਂ ਬੂਟੀਆਂ ਵੀ ਪੂਜੇ ਜਾਣ ਦਾ ਹੱਕ ਪ੍ਰਾਪਤ ਕਰੀ ਬੈਠੀਆਂ ਹਨ। ਇਥੇ ਹੀ ਬਸ ਨਹੀਂ, ਕਿਸੇ ਜਾਤੀ ਦੇ ਮਨੁੱਖਾਂ ਨੂੰ ਲੋਕੀਂ ਉਤਮ ਤੇ ਸ੍ਰੇਸ਼ਟ ਸਮਝ ਕੇ ਪੂਜ ਰਹੇ ਹਨ। ਅਗਿਆਨਤਾ ਦੇ ਅਜਿਹੇ ਝਮੇਲੇ ਵਿਚ ਮਨੁੱਖ ਪਰਮਾਤਮਾ ਨੂੰ ਭੁਲਾ ਕੇ ਭਟਕ ਰਹੇ ਹਨ ਅਤੇ ਹਰ ਇਕ ਨੇ ਸਿੱਟੇ ਵਜੋਂ ਆਪਣਾ ਵੱਖਰਾ ਵੱਖਰਾ ਰਾਹ ਅਪਣਾ ਲਿਆ ਹੈ। ਇਸ ਹਾਲਤ ਵਿਚ ਆਪੋ ਵਿਚ


www.AKJ.Org

ਮਤਭੇਦ ਹੋਣਾ ਜ਼ਰੂਰੀ ਹੈ। ਸੰਗਠਤ ਹੋਣਾ ਵੀ ਅਸੰਭਵ ਹੈ। ਇਸ ਤਰ੍ਹਾਂ ਦੇ ਪੂਜਣ ਤੇ ਉਪਾਸ਼ਨਾ ਯੋਗ ਦੇਵੀ ਦੇਵਤਿਆਂ ਦਾ ਕਿਥੋਂ ਤਕ ਜ਼ਿਕਰ ਕੀਤਾ ਜਾਵੇ, ਕੋਈ ਹੱਦ ਬੰਨਾ ਨਹੀਂ ਰਿਹਾ। ਕਿਧਰੇ ਆਕਾਸ਼ ਦੇ ਚੰਦ, ਸੂਰਜ, ਕਿਧਰੇ ਹਵਾ, ਪਾਣੀ ਅਤੇ ਅਗਨੀ ਨੂੰ ਹੀ ਸਿਰ ਝੁਕਾ ਝੁਕਾ ਕੇ ਮੱਥੇ ਟੇਕੇ ਜਾਂਦੇ ਹਨ।

ਭਾਈ ਗੁਰਦਾਸ ਜੀ ਇਸ ਦਾ ਨਿਰਣਾ ਇਉਂ ਦਿੰਦੇ ਹਨ :

ਕੋਈ ਪੂਜੈ ਚੰਦੁ ਸੂਰੁ, ਕੋਈ ਧਰਤਿ ਅਕਾਸੁ ਮਨਾਵੈ ॥
ਪਉਣੁ ਪਾਣੀ ਬੈਸੰਤਰੋ, ਧਰਮਰਾਜ ਕੋਈ ਤ੍ਰਿਪਤਾਵੈ ॥
ਫੋਕਟ ਧਰਮੀ ਭਰਮਿ ਭੁਲਾਵੈ ॥੧੮॥ [ਭਾਈ ਗੁਰਦਾਸ ਜੀ, ਵਾਰ ੧

ਕੁਝ ਪਹਿਲੇ ਸਮੇਂ, ਸ਼ਾਇਦ ਅੱਜ ਕਲ੍ਹ ਵੀ ਅਗਿਆਨੀ ਸਿੱਖ, ਸੂਰਜ ਨੂੰ ਪਾਣੀ ਦਿੰਦੇ ਅਤੇ "ਨਵੇਂ ਚੰਦ ਦੀ ਰਾਮ ਰਾਮ" ਆਖ ਕੇ ਪੱਗ ਅਥਵਾ ਸਾਫ਼ੇ ਦਾ ਤਾਗਾ ਕੱਢ ਕੇ ਚੰਦ ਨੂੰ ਅਰਪਦੇ ਅਤੇ ਸਹੀ ਅਰਥ ਸਮਝੇ ਬਿਨਾਂ, "ਨਮੋ ਸੂਰਜ ਸੂਰਜੇ, ਨਮੋ ਚੰਦ੍ਰ ਚੰਦ੍ਰੇ" ਪੜ੍ਹਦੇ ਦੇਖੇ ਜਾਂਦੇ ਸਨ। ਇਹ ਮਨੁੱਖਤਾ ਦਾ ਕਰਮ ਭਾਵ ਗੁਰਮਤਿ ਦੇ ਵਿਰੁੱਧ ਰੀਤੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਜਿਹੀ ਦਸ਼ਾ ਦਾ ਇਸ ਤਰ੍ਹਾਂ ਵਰਨਣ ਕਰਦੇ ਹਨ :

ਪਰਮ ਤੱਤ ਕੋ ਜਿਨ ਨਾ ਪਛਾਨਾ ॥ ਤਿਨ ਕਰਿ ਈਸਰ ਤਿਨ ਕਉ ਮਾਨਾ ॥
ਕੇਤੇ ਸੂਰ ਚੰਦ ਕਹੁ ਮਾਨੈ॥ਅਗਨਿ ਹੋਤ੍ਰ ਕਈ ਪਵਨ ਪ੍ਰਮਾਨੈ॥੧੦॥(ਬਚਿਤ੍ਰ ਨਾਟਕ,ਅਧਿਆਇ੬)

ਇਸ ਤੋਂ ਅਗੇ ਆਪ ਫੁਰਮਾਉਂਦੇ ਹਨ :

ਜੇ ਕੋਈ ਹੋਤ ਭਯੋ ਜਗਿ ਸਿਆਨਾ ॥ ਤਿਨ ਤਿਨ ਅਪਨੋ ਪੰਥੁ ਚਲਾਨਾ ॥੧੪॥......
ਜਿਨਿ ਜਿਨਿ ਤਨਿਕ ਸਿੱਧ ਕੋ ਪਾਯੋ ॥ ਤਿਨ ਤਿਨ ਅਪਨਾ ਰਾਹੁ ਚਲਾਯੋ ॥
ਪਰਮੇਸਰ ਨ ਕਿਨਹੂੰ ਪਹਿਚਾਨਾ ॥ ਮਮ ਉਚਾਰ ਤੇ ਭਯੋ ਦਿਵਾਨਾ ॥੧੬॥......
ਜੇ ਜੇ ਗਉਸ ਅੰਬੀਆ ਭਏ ॥ ਮੈ ਮੈ ਕਰਤ ਜਗਤ ਤੇ ਗਏ ॥
ਮਹਾ ਪੁਰਖ ਕਾਹੂ ਨ ਪਛਾਨਾ ॥ ਕਰਮ ਧਰਮ ਕੋ ਕਛੂ ਨ ਜਾਨਾ ॥੪੫॥
(ਬਚਿਤ੍ਰ ਨਾਟਕ, ਅਧਿਆਇ ੬)

ਉਪਰੋਕਤ ਕਥਿਤ ਦੇਵੀ ਦੇਵਤਿਆਂ ਦੀਆਂ ਮੂਰਤੀਆਂ (ਬੁੱਤਾਂ) ਆਦਿ ਤੋਂ ਇਲਾਵਾ ਅਗਿਆਨਤਾ ਦੇ ਕਾਰਨ ਆਪਣੇ ਵਿਚਾਰ ਅਤੇ ਬੇ-ਅਰਥ ਸ਼ਰਧਾ ਅਨੁਸਾਰ ਮਰੇ ਹੋਏ ਪੁਰਸ਼ਾਂ ਦੀਆਂ ਮੜ੍ਹੀਆਂ ਮਸਾਣੀਆਂ ਆਦਿ ਵੀ ਪੂਜੀਆਂ ਜਾਂਦੀਆਂ ਹਨ ਅਤੇ ਸੁਖਣਾਂ ਸੁਖ ਕੇ ਵਰ ਤੇ ਆਪਣੀਆਂ ਇਛਾਵਾਂ ਦੀ ਪੂਰਤੀ ਲਈ ਮੱਥੇ ਘਸਾਏ ਜਾਂਦੇ ਹਨ। ਸਰਬ ਇਛਾਵਾਂ ਤੇ ਦਾਤਾਂ ਦੇ ਬਖਸ਼ਣਹਾਰ ਪ੍ਰਭੂ ਨੂੰ ਭੁਲਾ ਕੇ ਔਝੜ ਰਾਹ ਪਏ ਦੁੱਖ ਭੋਗ ਰਹੇ ਹਨ :

ਕੋਊ ਬੁਤਾਨ ਕੋ ਪੂਜਤ ਹੈ ਪਸੁ, ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ, ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥੧੦॥ (ਤ੍ਵਪ੍ਰਸਾਦਿ ਸਵਯੇ)

ਗੁਰੂ ਸਾਹਿਬ ਆਪਣੇ ਸਿੱਖਾਂ ਨੂੰ ਸਖ਼ਤ ਹਦਾਇਤ ਕਰਦੇ ਹਨ :

ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥੧॥ (੩੩ ਸਵਯੇ, ਪਾਤਸ਼ਾਹੀ ੧੦)

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਲੋਕਾਂ ਨੂੰ ਆਪਣੀ ਇਹੋ ਵਿਚਾਰ ਦਸ ਗਏ ਹਨ :

ਦੁਬਿਧਾ ਨ ਪੜਉ, ਹਰਿ ਬਿਨੁ ਹੋਰੁ ਨ ਪੂਜਉ, ਮੜੈ ਮਸਾਣਿ ਨ ਜਾਈ ॥੧॥
(ਸੋਰਠਿ ਅਸਟ: ਮਹਲਾ ੧, ਪੰਨਾ ੬੩੪)

ਜਿਨਿ ਜੀਉ ਪਿੰਡੁ ਦਿਤਾ ਤਿਸੁ ਚੇਤਹਿ ਨਾਹਿ ॥ ਮੜੀ ਮਸਾਣੀ ਮੂੜੇ ਜੋਗੁ ਨਾਹਿ ॥੯॥
(ਬਸੰਤ ਮਹਲਾ ੧, ਪੰਨਾ ੧੧੯੦)


www.AKJ.Org

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦ ਭਾਰਤੀਆਂ ਨੂੰ ਅਜਿਹੀ ਦਸ਼ਾ ਵਿਚ ਤਕਿਆ ਤੇ ਸੋਚਿਆ ਕਿ ਧਾਰਮਿਕ ਏਕਤਾ ਬਿਨਾਂ ਇਨ੍ਹਾਂ ਅੰਦਰ ਏਕਤਾ ਤੇ ਪਰਸਪਰ ਪਿਆਰ ਪੈਦਾ ਨਹੀਂ ਹੋ ਸਕਦਾ, ਅਤੇ ਹਰ ਮਨੁੱਖ ਲਈ ਆਪਣੀ ਆਤਮਕ ਉੱਨਤੀ ਲਈ ਅਤੇ ਸੱਚ ਦੇ ਮਾਰਗ ਤੇ ਚਲਣ ਲਈ ਇਹ ਜ਼ਰੂਰੀ ਹੈ ਕਿ ਇਕੋ ਪ੍ਰਮਾਤਮਾ ਦੇ ਪ੍ਰੇਮ ਵਿਚ ਲਿਵ ਲਾਈ ਜਾਵੇ, ਉਸੇ ਦੀ ਪੂਜਾ ਕੀਤੀ ਜਾਵੇ, ਉਸੇ ਨੂੰ ਹਰ ਸਮੇਂ ਧਿਆਇਆ ਜਾਵੇ। ਇਕੋ ਅਕਾਲ ਪੁਰਖ ਹੀ ਸਰਬ ਸੁਖਾਂ ਦਾ ਦਾਤਾ ਹੈ, ਸਾਰੀਆਂ ਇੱਛਾਵਾਂ ਤੇ ਮੁਰਾਦਾਂ ਪੂਰੀਆਂ ਕਰਨ ਲਈ ਸਰਬ ਸਮਰੱਥ ਹੈ :

ਧਰਿ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥
ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥੧॥੩੫॥ (ਗਉੜੀ ਬਾਵਨ ਅਖਰੀ ਮ: ੫—੨੫੭)
ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ ॥੧॥੨॥ (ਵਾਰ ਗੂਜਰੀ, ਮ: ੩—੫੦)
ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥
ਤੇ ਨਰ ਦੋਜਕਿ ਜਾਹਿਗੇ, ਸਤਿ ਭਾਖੈ ਰਵਿਦਾਸ ॥੨੪੨॥ (ਸਲੋਕ ਕਬੀਰ ਜੀ, ੧੩੭੭)
ਬਿਨ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ ॥੩॥੫॥ (ਸ਼ਬਦ ਹਜ਼ਾਰੇ, ਪਾ: ੧੦)

ਗੁਰਮਤਿ ਵਿਚ ਮੂਰਤੀ ਪੂਜਣ ਦੇ ਵਿਰੁੱਧ ਗੁਰੂ ਸਾਹਿਬਾਨ ਦੇ, ਬਾਣੀ ਵਿਚ ਬਹੁਤ ਬਚਨ ਮਿਲਦੇ ਹਨ। ਗੁਰੂ ਨਾਨਕ ਦੇਵ ਜੀ ਨੇ ਬਲਵਾਨ ਸ਼ਬਦਾਂ ਤੇ ਤਿੱਖੀ ਆਲੋਚਨਾ ਰਾਹੀਂ ਮੂਰਤੀ ਪੂਜਣ ਦਾ ਨਿਸ਼ੇਦ ਕਰ ਕੇ ਇਕੋ ਪਰਮਾਤਮਾ ਨੂੰ ਪੂਜਣ ਦਾ ਉਪਦੇਸ਼ ਦਿਤਾ ਸੀ, ਤਾਂ ਕਿ ਭਾਰਤੀ ਲੋਕਾਂ ਅੰਦਰ ਆਤਮਕ ਬਲ ਪੈਦਾ ਹੋਵੇ। ਇਸ ਤਰ੍ਹਾਂ ਧਾਰਮਿਕ ਏਕਤਾ ਰਾਹੀਂ ਸਭ ਵਰਗਾਂ ਦੇ ਲੋਕਾਂ ਵਿਚ ਏਕਤਾ ਹੋਣ ਕਰਕੇ ਉਹ ਸੰਗਠਤ ਹੋ ਸਕਣ ਤੇ ਆਪਣੇ ਧਰਮ ਅਤੇ ਸਭਿਅਤਾ ਦੀ ਰਾਖੀ ਕਰਨ ਦੇ ਸਮਰੱਥ ਬਣ ਜਾਣ :

ਹਿੰਦੂ ਮੂਲੇ ਭੂਲੇ ਅਖੁਟੀ ਜਾਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥
ਅੰਧੇ ਗੁੰਗੇ ਅੰਧ ਅੰਧਾਰੁ ॥ ਪਾਥਰੁ ਲੇ ਪੂਜਹਿ ਮੁਗਧ ਗਵਾਰ ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥੨॥੨੦॥ (ਮ: ੧, ਵਾਰ ਬਿਹਾਗੜਾ, ੫੫੬)
ਪੂਜਿ ਸਿਲਾ ਤੀਰਥ ਬਨਵਾਸਾ ॥ ਭਰਮਤ ਡੋਲਤ ਭਏ ਉਦਾਸਾ ॥
ਮਨਿ ਮੈਲੈ ਸੂਚਾ ਕਿਉ ਹੋਇ ॥ ਸਾਚਿ ਮਿਲੈ ਪਾਵੈ ਪਤਿ ਸੋਇ ॥੬॥ (ਧਨਾਸਰੀ ਮ: ੧—੬੮੬)
ਕਾਹੇ ਕੋ ਪੂਜਤ ਪਾਹਨ ਕਉ, ਕਛੁ ਪਾਹਨ ਮੇਂ ਪਰਮੇਸਰ ਨਾਹੀਂ ॥
ਤਾਂਹੀ ਕੋ ਪੂਜ ਪ੍ਰਭੂ ਕਰਕੈ, ਜਿਹ ਪੂਜਤ ਹੀ ਅਘ ਓਘ ਮਿਟਾਹੀਂ ॥
ਆਧਿ ਬਿਆਧਿ ਕੇ ਬੰਧਨ ਜੇਤਕ, ਨਾਮ ਕੇ ਲੇਤ ਸਬੈ ਛੁਟ ਜਾਹੀਂ ॥
ਤਾਹੀ ਕੋ ਧਿਆਨ ਪ੍ਰਮਾਨ ਸਦਾ, ਯਹਿ ਫੋਕਟ ਧਰਮ ਕਰੇ ਫਲ ਨਾਹੀਂ ॥੨੦॥ (੩੩ ਸਵਯੇ ਪਾ: ੧੦)

ਉਪਰੋਕਤ ਭਾਵ ਦੇ ਹੋਰ ਬਹੁਤ ਸ਼ਬਦ ਹਨ, ਵਿਸਤਾਰ ਦੇ ਡਰ ਕਰਕੇ ਸਾਰੇ ਅੰਕਿਤ ਨਹੀਂ ਕੀਤੇ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਪਹਾੜੀ ਰਾਜਿਆਂ ਦੇ ਵਿਰੋਧ ਦਾ ਇਕ ਕਾਰਨ ਇਹ ਵੀ ਸੀ ਕਿ ਉਹ ਮੂਰਤੀ-ਪੂਜ ਸਨ ਤੇ ਗੁਰੂ ਗੋਬਿੰਦ ਸਿੰਘ ਜੀ ਲੋਕਾਂ ਨੂੰ ਮੂਰਤੀ ਪੂਜਨ ਤੋਂ ਵਰਜਦੇ ਸਨ—

ਮਨਮ ਕੁਸਤਨੇ ਕੋਹੀਆ ਪੁਰਫ਼ਿਤੰਨ ॥
ਕਿ ਆਂ ਬੁਤ ਪ੍ਰਸਤੰਦ, ਮਨਮ ਬੁਤ ਸ਼ਿਕੰਨ ॥੯੨॥ (ਜ਼ਫ਼ਰਨਾਮਾ)

ਪੱਥਰ ਦੀ ਮੂਰਤੀ ਪੂਜਣ ਤੇ ਹੱਡ ਮਾਸ ਦੇ ਪਿੰਜਰ—ਦੇਹੀ ਨੂੰ ਪੂਜਣ ਵਿਚ ਬਹੁਤਾ ਅੰਤਰ ਨਹੀਂ। ਕੁਝ ਭੋਲੇ ਲੋਕ ਅਗਿਆਨਤਾ ਕਾਰਨ ਬੁੱਤ-ਪ੍ਰਸਤੀ ਦੀ ਥਾਂ ਆਦਮ-ਪ੍ਰਸਤੀ ਵਿਚ ਡੁਬਦੇ ਹਨ। ਸਿਖ-ਧਰਮ ਅੰਦਰ ਦੇਹ ਨੂੰ ਪੂਜਣਾ ਵੀ ਯੋਗ ਨਹੀਂ ਸਮਝਿਆ ਗਿਆ। ਗੁਰੂ ਅਮਰਦਾਸ ਜੀ ਨੇ ਲੋਕਾਂ ਨੂੰ ਭੁਲੇਖੇ ਵਿਚ ਪੈਣ ਤੋਂ ਬਚਾਉਣ ਲਈ


www.AKJ.Org

ਇਹ ਬਚਨ ਫੁਰਮਾਏ ਹਨ :

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥੧॥੨੧॥
(ਸਲੋਕੁ ਮ: ੩, ਵਾਰ ਵਡਹੰਸ, ੫੯੪)

ਦੇਹ ਤਾਂ ਹਰ ਪੁਰਖ ਦੀ, ਭਾਵੇਂ ਉਹ ਕਿਤਨੀ ਹੀ ਉਚਤਾ ਪ੍ਰਾਪਤ ਕਰ ਚੁਕਿਆ ਹੋਵੇ, ਵਿਨਾਸ਼ ਹੋ ਕੇ ਰਹੇਗੀ। ਉਸ ਨੇ ਜ਼ਰੂਰ ਕਾਲ-ਵਸ ਹੋਣਾ ਹੈ :

ਦੇਹੀ ਕਾਚੀ ਕਾਗਦ ਮਿਕਦਾਰਾ ॥ ਬੂੰਦ ਪਵੈ ਬਿਨਸੈ ਢਹਤ ਨ ਲਾਗੈ ਬਾਰਾ ॥੪॥
(ਮਾਰੂ ਮਹਲਾ ੩, ਪੰਨਾ ੧੦੪੮)

ਜਲ ਕੀ ਭੀਤਿ ਪਵਨ ਕਾ ਥੰਭਾ, ਰਕਤ ਬੁੰਦ ਕਾ ਗਾਰਾ ॥
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥੬॥ (ਸੋਰਠਿ ਰਵਿਦਾਸ ਜੀ, ੬੫੯)

ਪਰ ਉਪਰੋਕਤ ਵਰਣਤ ਵਿਚਾਰ ਦਾ ਇਹ ਭਾਵ ਨਹੀਂ ਕਿ ਮਨੁੱਖਾ ਦੇਹੀ ਦੀ ਕੋਈ ਮਹੱਤਤਾ ਹੀ ਨਹੀਂ, ਇਸ ਦੀ ਆਪਣੀ ਥਾਂ ਬੜੀ ਅਹਿਮੀਅਤ ਹੈ। ਇਹ ਜੀਵਨ ਵਿਚ ਮਨੋਰਥ ਦੀ ਪ੍ਰਾਪਤੀ ਦਾ ਵਸੀਲਾ ਹੈ। ਇਸੇ ਮਨੁੱਖਾ ਜਨਮ ਦੁਆਰਾ ਪਰਮਾਤਮਾ ਨਾਲ ਮੇਲ ਪ੍ਰਾਪਤ ਕਰਨਾ ਤੇ ਇਕਮਿਕ ਹੋਣਾ ਹੈ :

ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸ ਦੇਹੀ ॥੩॥੧॥ (ਭਾਈ ਗੁਰਦਾਸ ਜੀ)
ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥੪॥੧੨॥
(ਆਸਾ ਮਹਲਾ ੫, ਪੰਨਾ ੩੭੪)

ਇਹ ਮਨੁੱਖਾ ਦੇਹ ਜੋ ਅਮੋਲਕ ਦਾਤਿ ਹੈ, ਵਾਹਿਗੁਰੂ ਦੀ ਅਦਭੁਤ ਕਲਾਮਈ ਸਿਰਜਣਾ ਹੈ, ਇਸ ਨੂੰ ਮਨੁੱਖ ਨੇ ਆਪ ਨਹੀਂ ਘੜਿਆ। ਫੇਰ ਮਨੁੱਖ ਦਾ ਕੀ ਹੱਕ ਹੈ ਕਿ ਇਸ ਦੀ ਸੰਭਾਲ ਵਿਚ ਅਣਗਹਿਲੀ ਕਰੇ, ਜਦ ਕਿ ਇਸ ਦੀ ਰਸਨਾ ਨਾਲ ਵਾਹਿਗੁਰੂ ਦਾ ਸਿਮਰਨ ਕਰ ਸਕਦੇ ਹੋਈਏ। ਇਸ ਲਈ ਦੇਹੀ ਦੀ ਯੋਗ ਸੰਭਾਲ ਕਰਨਾ ਪੁਰਸ਼ ਦਾ ਪ੍ਰਮੁੱਖ ਫ਼ਰਜ਼ ਬਣਦਾ ਹੈ। ਸੋ ਭਾਵ ਇਹ ਹੈ ਕਿ ਦੇਹ ਦੀ ਸੰਭਾਲ ਤਾਂ ਜ਼ਰੂਰੀ ਹੈ, ਪਰ ਇਸ ਨੂੰ ਪੂਜਣਾ ਜਾਂ ਹੋਰਾਂ ਤੋਂ ਪੂਜਵਾਉਣਾ ਗੁਰਮਤਿ ਦੇ ਉਲਟ ਹੈ। ਇਹੀ ਕਾਰਨ ਹੈ ਕਿ ਗੁਰਮਤਿ ਦੇ ਮੂਲ ਸਿਧਾਂਤ ਸ਼ਬਦ-ਗੁਰੂ, ਭਾਵ, ਰੱਬੀ ਜੋਤਿ ਦੀ ਥਾਂ ਦੇਹ-ਗੁਰੂ ਲਈ ਕੋਈ ਗੁੰਜਾਇਸ਼ ਨਹੀਂ।

ਸਿੱਖ ਗੁਰੂ ਸਾਹਿਬਾਨ ਨੂੰ ਗੁਰੂ ਜਾਂ ਸਤਿਗੁਰੂ ਦੀ ਪਦਵੀ ਨਾਲ ਸਤਿਕਾਰਿਆ ਜਾਂਦਾ ਹੈ। ਇਹ ਉਨ੍ਹਾਂ ਦੀ ਦੇਹ ਵਿਚਲੀ ਰੱਬੀ ਜੋਤਿ ਨੂੰ ਹੀ ਸੰਬੋਧਨ ਹੁੰਦਾ ਹੈ, ਦੇਹ ਨੂੰ ਨਹੀਂ। ਉਨ੍ਹਾਂ ਦੀ ਬਾਣੀ "ਖਸਮ ਕੀ ਬਾਣੀ", "ਧੁਰ ਕੀ ਬਾਣੀ" ਅਤੇ "ਹਰਿ ਕਰਤਾ ਆਪਿ ਮੁਹਹੁ ਕਢਾਇ" ਹੀ ਹੁੰਦੀ ਹੈ, ਜਿਸ ਵਿਚ ਅਕਾਲ ਪੁਰਖ ਦਾ ਹੀ ਪ੍ਰਗਟਾਵਾ ਜਾਂ ਉਸ ਦੀ ਜੋਤਿ ਹੁੰਦੀ ਹੈ :

ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥੨॥ (ਵਾਰ ਮਲਾਰ ਮ: ੧-੧੨੭੯)

ਸੋ ਵਾਸਤਵ ਵਿਚ ਸਭ ਦਾ ਗੁਰੂ ਤਾਂ ਅਕਾਲ ਪੁਰਖ ਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਦੇ ਗੁਰੂ ਵੀ ਪਰਮਾਤਮਾ ਦੇ ਭੇਜੇ ਹੋਏ ਹੀ ਸਨ।

ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥੧੧॥
(ਸੋਰਠਿ ਮਹਲਾ ੧, ਪੰਨਾ ੫੯੯)

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੧੩॥ (ਸੂਹੀ ਮ: ੪-੭੫੯)
ਆਦਿ ਅੰਤਿ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਯਹੁ ਹਮਾਰਾ ॥੯॥ (ਚੌਪਈ ਪਾ: ੧੦)

ਸੋ ਗੁਰੂ ਨਾਨਕ ਦੇਵ ਅਤੇ ਨੌਂ ਗੁਰੂ ਸਾਹਿਬਾਨ ਇਕੋ ਰੂਪ ਹਨ :


www.AKJ.Org

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥੨॥੧੦॥ (ਮ: ੩, ਵਾਰ ਸੋਰਠਿ- ੬੪੬)

ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥੨॥ (ਸਤੇ ਬਲਵੰਡ ਕੀ ਵਾਰ-੯੬੬)

ਜਦ ਦਸ ਜਾਮਿਆਂ ਦੇ ਸਮੇਂ ਅੰਦਰ ਇਕ ਬਲਵਾਨ, ਪਰਉਪਕਾਰੀ, ਨਿਸ਼ਕਾਮ ਸੇਵਕ, ਅਣਖ ਤੇ ਧਰਮ ਦੇ ਰਾਖੇ ਸਮਾਜ ਦੀ "ਖਾਲਸਾ ਪੰਥ" ਦੇ ਰੂਪ ਵਿਚ ਸਿਰਜਨਾ ਪੂਰਨਤਾ ਨੂੰ ਪਹੁੰਚ ਚੁੱਕੀ ਸੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੂਰ-ਦ੍ਰਿਸ਼ਟੀ, ਡੂੰਘੀ ਵਿਚਾਰ ਤੋਂ ਅਨੁਭਵੀ ਪ੍ਰਕਾਸ਼ ਦੇ ਸਦਕਾ, "ਗੁਰ ਗੱਦੀ" ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਰੱਬੀ ਜੋਤਿ ਨੂੰ ਸੌਂਪ ਦਿਤੀ, ਜਿਸ ਦੀ ਬਾਣੀ ਵਿਚ ਅਕਾਲ ਪੁਰਖ ਆਪ ਪਰਵਿਰਤ ਹਨ, ਅਤੇ ਜੁਗਤ ਪੰਥ ਵਿਚ ਪ੍ਰਵੇਸ਼ ਕਰ ਦਿਤੀ। ਉਸ ਦੇ ਉਪਰੰਤ ਦੇਹ ਦੇ ਰੂਪ ਵਿਚ ਗੱਦੀ ਸਦਾ ਲਈ ਸਮਾਪਤ ਕਰ ਦਿਤੀ। ਅਜਿਹਾ ਨਾ ਹੁੰਦਾ ਤਾਂ ਅੱਜ ਹਜ਼ਾਰਾਂ ਗੁਰ-ਗੱਦੀਆਂ ਸਥਾਪਤ ਹੋ ਚੁਕੀਆਂ ਹੁੰਦੀਆਂ । ਅਕਾਲ ਪੁਰਖ ਦੀ ਥਾਂ ਦੇਵੀ ਦੇਵਤਿਆਂ ਵਾਂਗ ਸ਼ਖਸੀ ਪੂਜਾ, ਭਾਵ, ਆਦਮ-ਪ੍ਰਸਤੀ ਸ਼ੁਰੂ ਹੋ ਜਾਣੀ ਸੀ। ਪਰ ਅਜੇ ਵੀ ਜਿਸ ਤਰ੍ਹਾਂ ਬਾਬੇ ਬਕਾਲੇ ਦੇ ਮੁਕਾਮ ਤੇ ਕਈ ਸੋਢੀ ਮੰਜੀਆਂ ਡਾਹ ਕੇ ਗੁਰੂ ਬਣ ਬੈਠੇ ਸਨ, ਉਸੇ ਵਾਂਗ ਕਈ ਪੁਰਸ਼ ਗੁਰੂ ਦੰਭ ਦਾ ਪਰਪੰਚ ਰਚਾਈ ਬੈਠੇ ਹਨ।

ਉਦਾਹਰਣ ਦੇ ਤੌਰ ਤੇ ਨਾਮਧਾਰੀ ਸੰਪਰਦਾਇ ਹੀ ਲੈ ਲਵੋ। ਬਾਬਾ ਰਾਮ ਸਿੰਘ ਜੀ ਇਕ ਨਿਸ਼ਕਾਮ ਸੇਵਕ, ਨਾਮ ਬਾਣੀ ਦੇ ਰਸੀਏ ਤੇ ਅਭਿਆਸੀ, ਕਮਾਈ ਵਾਲੇ ਜੀਵਨ ਦੇ ਗੁਰਸਿੱਖ ਸਨ । ਕੌਮ ਦੇ ਹਿਤਾਂ ਲਈ ਹਰ ਕੁਰਬਾਨੀ ਲਈ ਤਿਆਰ ਰਹਿੰਦੇ ਸਨ । ਉਹ ਨਹੀਂ ਸੀ ਚਾਹੁੰਦੇ ਕਿ ਉਨ੍ਹਾਂ ਮਗਰੋਂ ਨਾਮਧਾਰੀ ਨਾਉਂ ਹੇਠਾਂ ਇਕ ਸੰਪਰਦਾਇ ਕਾਇਮ ਕਰ ਕੇ ਗੱਦੀ-ਦਾਰੀ ਦੀ ਰੀਤ ਚਲਾਈ ਜਾਵੇ । ਉਹ ਰੰਗੂਨ ਦੀ ਜੇਲ੍ਹ ਵਿਚੋਂ ਜੋ ਚਿੱਠੀਆਂ ਲਿਖ ਕੇ ਭੇਜਦੇ ਰਹੇ ਸਨ, ਉਨ੍ਹਾਂ ਚਿੱਠੀਆਂ ਜਾਂ ਹੁਕਮਨਾਮਿਆਂ ਵਿਚ ਨੰ: ੫੫ ਦੇ ਸ਼ਬਦਾਂ ਤੋਂ ਸਾਫ਼ ਸਿਧ ਹੁੰਦਾ ਹੈ ਕਿ ਉਹ ਗੱਦੀ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਦੇ ਸਨ। ਉਸੇ ਵਿਚ ਇਸ ਤਰ੍ਹਾਂ ਲਿਖਿਆ ਮਿਲਦਾ ਹੈ :

'ਹੋਰ ਭਾਈ ਦਸਾਂ ਪਾਤਸ਼ਾਹੀਆਂ ਪਿਛੋਂ ਗੁਰੂ ਤਾਂ ਮਹਾਰਾਜ ਜੀ ਗੁਰੂ ਗ੍ਰੰਥ ਸਾਹਿਬ ਨੂੰ ਅਸਥਾਪਨ ਕਰ ਗਏ ਹਨ ਜੋ ਸਦਾ ਹੀ ਇਸਥਿਤ ਹੈ।' (ਹੁਕਮਨਾਮਾ ੫੫)

ਇਸੇ ਤਰ੍ਹਾਂ ਨਿਰਮਲੇ, ਉਦਾਸੀ, ਨਾਨਕ ਸਰੀਏ, ਰਾਧਾ ਸੁਆਮੀ ਆਦਿ ਸੰਪਰਦਾਵਾਂ ਰਚ ਕੇ ਸ਼ਖ਼ਸੀ ਪੂਜਾ ਦੇ ਕੇਂਦਰ ਬਣ ਚੁਕੇ ਹਨ।

ਇਸੇ ਪ੍ਰਕਾਰ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਬਾਬਾ ਦਿਆਲ ਜੀ, ਜੋ ਇਕ ਸਹਿਜਧਾਰੀ ਸਿੱਖ ਸਨ, ਸਿੱਖੀ ਦੇ ਅਸਲੀ ਸਰੂਪ ਦੇ ਨਿਸ਼ਕਾਮ ਤੇ ਸੂਝਵਾਨ ਪ੍ਰਚਾਰਕ ਸਨ, ਜਿਨ੍ਹਾਂ ਦੇ ਮੁੱਖੋਂ ਹਰ ਸਮੇਂ 'ਧੰਨ ਨਿਰੰਕਾਰ' ਦਾ ਉਚਾਰਨ ਹੁੰਦਾ ਰਹਿੰਦਾ ਸੀ । ਇਸੇ ਕਰਕੇ ਲੋਕ ਉਨ੍ਹਾਂ ਨੂੰ ਬਾਬਾ ਦਿਆਲ 'ਨਿਰੰਕਾਰੀ' ਕਹਿਣ ਲਗ ਪਏ। ਪਰ ਅਵਤਾਰ ਸਿੰਹੁ ਨਾਮੀ ਇਕ ਆਦਮੀ ਨੇ ਉਸੇ ਨਾਉਂ ਹੇਠਾਂ ਇਕ ਹੋਰ ਵੱਖਰਾ ਹੀ ਸੰਪ੍ਰਦਾਇ ਦਾ ਚੰਗਾ ਪਾਖੰਡ ਰਚਾ ਲਿਆ ਅਤੇ 'ਨਕਲੀ ਨਿਰੰਕਾਰੀ' ਦੇ ਨਾਉਂ ਨਾਲ ਪ੍ਰਸਿੱਧ ਹੋ ਗਿਆ, ਜਿਸ ਦੇ ਕਾਰਨਾਮੇ ਹੁਣ ਜਗਤ ਦੇ ਸਾਹਮਣੇ ਹਨ। ਕਹਾਉਂਦਾ ਤਾਂ ਨਿਰੰਕਾਰੀ ਸੀ ਤੇ ਨਿਰੰਕਾਰ ਦੀ ਪੂਜਾ ਦੀ ਥਾਂ ਆਪਣੀ ਪੂਜਾ ਹੀ ਕਰਵਾਉਣ ਲਗ ਪਿਆ ਸੀ। ਇਸ ਤੋਂ ਅਗੇ ਜੋ ਕੁਝ ਹੋ ਰਿਹਾ ਹੈ, ਵਾਹਿਗੁਰੂ ਹੀ ਜਾਣੇ। ਇਸ ਤਰ੍ਹਾਂ ਦੀ ਸ਼ਖ਼ਸੀ ਪੂਜਾ ਦੇ ਖੇਤਰ ਵਿਚ ਭੋਲੇ ਲੋਕ ਫਸ ਕੇ, ਸ਼ਰਧਾ ਲਿਆ ਕੇ, ਆਪਣਾ ਜੀਵਨ ਬਰਬਾਦ ਕਰ ਰਹੇ ਹਨ।

ਸਿੱਖ ਧਰਮ ਵਿਚ ਅਜਿਹੀ ਸ਼ਖ਼ਸੀ ਪੂਜਾ ਦਾ ਬੜਾ ਨਿਖੇਧ ਕੀਤਾ ਗਿਆ ਹੈ :

ਦਰ ਮਜ਼ਹਬੇ ਮਾ ਗ਼ੈਰ ਪ੍ਰਸਤੀ ਨ ਕੁਨੰਦ ॥
ਸਰ ਤਾ ਬਕਦਮ ਬਹੋਸ਼ੋ, ਮਸਤੀ ਨ ਕੁਨੰਦ ॥੮॥ (ਭਾਈ ਨੰਦ ਲਾਲ ਜੀ,)
ਦੂਜੈ ਭਾਇ ਕੋ ਨਾ ਮਿਲੈ ਫਿਰਿ ਫਿਰਿ ਆਵੈ ਜਾਇ ॥੨॥੩੬॥ (ਸਿਰੀ ਰਾਗੁ ਮ: ੩-੨੭)
ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥੧॥੬॥
(ਗਉੜੀ ਕਬੀਰ ਜੀ, ਪੰਨਾ ੩੨੪)
ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥੧੩॥ (ਵਾਰ ਆਸਾ-੪੭੦)


www.AKJ.Org

ਧ੍ਰਿਗੁ ਖਾਣਾ ਧ੍ਰਿਗੁ ਪੈਨ੍ਣਾ, ਜਿਨ੍ਹਾ ਦੂਜੈ ਭਾਇ ਪਿਆਰੁ ॥
ਬਿਸਟਾ ਕੇ ਕੀੜੇ ਬਿਸਟਾ ਰਾਤੇ ਮਰਿ ਜੰਮਹਿ ਹੋਹਿ ਖੁਆਰੁ ॥੫॥੯॥ (ਪ੍ਰਭਾਤੀ ਮ: ੩–੧੩੪੭)
ਦੂਜੈ ਭਾਇ ਸਦਾ ਦੁਖੁ ਪਾਏ ਤੂੰ ਗੁਣ ਭਰਮਿ ਭੁਲਾਇਦਾ ॥੪॥ (ਮਾਰੂ ਮ: ੩, ੧੦੬੬)

ਦੂਜਾ ਭਾਉ, ਭਾਵ, ਸ਼ਖਸੀ ਪੂਜਾ ਦਾ ਅਰੰਭ ਕਈ ਥਾਵਾਂ ਤੇ ਇਸ ਤਰ੍ਹਾਂ ਹੋ ਜਾਂਦਾ ਹੈ। ਜਦ ਕੋਈ ਸਿਆਣਾ ਪੁਰਸ਼ ਕਿਸੇ ਗੁਰਦੁਆਰੇ, ਟਿਕਾਣੇ ਜਾਂ ਆਸ਼ਰਮ ਆਦਿ ਵਿਚ ਆਪਣੇ ਬੁੱਧੀ-ਬਲ ਅਤੇ ਵਿਦਿਆ-ਬਲ ਨਾਲ ਆਮ ਲੋਕਾਂ ਨੂੰ ਆਪਣੇ ਮਨੋਹਰ ਬਚਨਾਂ ਦੁਆਰਾ ਪ੍ਰਭਾਵਤ ਕਰ ਲੈਂਦਾ ਹੈ ਤਾਂ ਲੋਕ ਉਸਦਾ ਬੇਹਦ ਸਤਿਕਾਰ ਕਰਨ ਲਗ ਜਾਂਦੇ ਹਨ। ਲਛਮੀ ਵੀ ਵਰ੍ਹਨ ਲਗ ਜਾਂਦੀ ਹੈ। ਹੋਰ ਹੋਰ ਤਰ੍ਹਾਂ ਦੇ ਪਦਾਰਥਾਂ ਦੀ ਭੇਟਾ ਸ਼ੁਰੂ ਹੋ ਜਾਂਦੀ ਹੈ। ਇਸ ਤਰ੍ਹਾਂ ਉਸ ਦੇ ਸ਼ਰਧਾਲੂਆਂ, ਸੇਵਕਾਂ ਜਾਂ ਵਿਦਿਆਰਥੀਆਂ ਦੀ ਉਸ ਲਈ ਸਤਿਕਾਰ ਤੇ ਸ਼ਰਧਾ ਹੱਦੋਂ ਟੱਪ ਸ਼ਖਸੀ ਪੂਜਾ ਤਕ ਪਹੁੰਚ ਜਾਂਦੀ ਹੈ। ਉਸ ਦੇ ਚਰਨਾਂ ਦੀ ਧੂੜੀ ਮਸਤਕ ਲਾਉਣਾ ਧੰਨ ਭਾਗ ਸਮਝੀ ਜਾਂਦੀ ਹੈ। ਉਸਦਾ ਜੂਠਾ ਭੋਜਨ ਜਾਂ ਪਾਣੀ 'ਸੀਤ ਪ੍ਰਸਾਦ' ਸਮਝ ਕੇ ਖ਼ੁਸ਼ੀ ਖ਼ੁਸ਼ੀ ਛਕਿਆ ਜਾਂਦਾ ਹੈ। ਜਦ ਇਸ ਤਰ੍ਹਾਂ ਉਥੇ ਹਰ ਤਰ੍ਹਾਂ ਦੇ ਪਦਾਰਥਾਂ ਦੀ ਬਹੁਲਤਾ ਹੋ ਜਾਂਦੀ ਹੈ, ਚੰਗਾ ਖਾਣ ਪੀਣ ਦਾ ਪ੍ਰਬੰਧ ਹੋ ਜਾਂਦਾ ਹੈ ਤਾਂ ਇਸ ਦੇਸ਼ ਵਿਚ ਵਿਹਲੜਾਂ ਦੀ ਕੋਈ ਕਮੀ ਨਹੀਂ। ਉਸ ਭਲੇ ਪੁਰਸ਼ ਦੀ ਹਰ ਤਰ੍ਹਾਂ ਸੇਵਾ ਲਈ ਹਰ ਤਰ੍ਹਾਂ ਦੇ ਸੇਵਾਦਾਰ ਹਰ ਸਮੇਂ ਹਾਜ਼ਰ ਰਹਿੰਦੇ ਹਨ। ਉਸ ਦੀ ਸੇਵਾ ਦੀਆਂ ਵਖੋ ਵਖ ਜ਼ਿੰਮੇਵਾਰੀਆਂ ਸੰਭਾਲ ਲੈਂਦੇ ਹਨ। ਉਸ ਦਸ਼ਾ ਵਿਚ ਭਾਵੇਂ ਹਰ ਵਿਦਵਾਨ ਜਾਂ ਅਭਿਆਸੀ ਤਾਂ ਨਹੀਂ, ਪਰ ਕੁਝ ਆਪਣੇ ਆਪ ਨੂੰ ਹਉਮੈ ਵਿਚ ਆ ਕੇ ਸਰਬੋਤਮ ਪੁਰਸ਼ (Supreme Being) ਖਿਆਲ ਕਰਨ ਲਗ ਜਾਂਦੇ ਹਨ ਅਤੇ ਗੁਰੂ ਡੰਮ ਦਾ ਪਰਪੰਚ ਰਚਾ ਲੈਂਦੇ ਹਨ। ਆਪਣੀ ਆਤਮਕ ਉਨਤੀ ਤੋਂ ਵਾਂਝੇ ਰਹਿ ਜਾਂਦੇ ਹਨ। ਉਸ ਹਾਲਤ ਵਿਚ ਆਪਣੇ ਆਪ ਦਾ ਸੰਤੁਲਤ ਰਖਣਾ ਵੀ ਇਕ ਬੜੀ ਬਹਾਦਰੀ ਹੈ। ਛੋਟੀ ਮੋਟੀ ਕਿਸੇ ਸੰਸਥਾ ਦੀ ਪ੍ਰਧਾਨਗੀ ਦੀ ਮਾਨ ਵਡਿਆਈ ਨੂੰ ਵੀ ਤਿਆਗਣ ਲਈ ਕੋਈ ਤਿਆਰ ਨਹੀਂ ਹੁੰਦਾ।

ਉਪਰੋਕਤ ਕਥਤ ਵਰਤਾਂਤ ਦਾ ਇਹ ਭਾਵ ਨਹੀਂ ਕਿ ਬੁੱਧੀ-ਜੀਵੀਆਂ ਜਾਂ ਵਿਦਵਾਨਾਂ ਦਾ ਸਤਿਕਾਰ ਹੀ ਨਾ ਕੀਤਾ ਜਾਵੇ ਜਾਂ ਉਨ੍ਹਾਂ ਦੀ ਕੋਈ ਸਹਾਇਤਾ ਨਾ ਕੀਤੀ ਜਾਵੇ। ਲੋੜ ਇਸ ਗੱਲ ਦੀ ਹੈ ਕਿ ਉਨ੍ਹਾਂ ਦਾ ਯੋਗ ਸਤਿਕਾਰ ਤੇ ਸਹਾਇਤਾ ਕੀਤੀ ਜਾਵੇ। ਉਸ ਨੂੰ ਜ਼ਰੂਰੀ ਲੋੜਾਂ ਤੋਂ ਬੇ-ਫ਼ਿਕਰ ਰਖਣਾ ਵੀ ਜ਼ਰੂਰੀ ਹੈ, ਪਰ ਆਦਮ-ਪ੍ਰਸਤੀ ਦਾ ਮਾਧਿਅਮ ਨਾ ਬਣਾ ਲਿਆ ਜਾਵੇ। ਇਹ ਵੀ ਭਾਵ ਨਹੀਂ ਕਿ ਹਰ ਵਿਦਵਾਨ ਜਾਂ ਅਭਿਆਸੀ ਅਜਿਹੇ ਹਉਮੈ-ਭਰਪੂਰ ਜੀਵਨ ਦਾ ਇੱਛਕ ਹੈ।

ਉਸ ਅਸਥਾਨ ਤੇ ਚੰਗੇ ਮਕਾਨ ਤਾਂ ਉਸਰ ਹੀ ਜਾਂਦੇ ਹਨ। ਸੰਪਤੀ ਤੇ ਹੋਰ ਸਭ ਪਦਾਰਥਾਂ ਦਾ ਭੰਡਾਰ ਹੋਣ ਕਰਕੇ ਕਈਆਂ ਦੇ ਮਨਾਂ ਵਿਚ ਲਾਲਚ ਉਤਪੰਨ ਹੋਣਾ ਵੀ ਕੁਦਰਤੀ ਹੈ। ਇਕ ਦੂਜੇ ਤੋਂ ਵੱਧ ਸੇਵਾ ਭਾਵਨਾ ਨਾਲ ਉਸ ਭਲੇ ਪੁਰਸ਼ ਦੀ ਪ੍ਰਸੰਨਤਾ ਪ੍ਰਾਪਤ ਕਰ ਕੇ ਉਸ ਦੇ ਅਕਾਲ ਚਲਾਣੇ ਮਗਰੋਂ ਉਸ ਦੀ ਥਾਂ ਟਿਕੇ ਜਾਣ ਦਾ ਮੁਕਾਬਲਾ ਸ਼ੁਰੂ ਹੋ ਜਾਂਦਾ ਹੈ। ਇਸੇ ਪ੍ਰਕਾਰ ਗੱਦੀ-ਦਾਰੀ ਦਾ ਸਿਸਟਮ ਉਥੇ ਕਾਇਮ ਹੋ ਜਾਂਦਾ ਹੈ। ਅਜਿਹੇ ਹਾਲਾਤ ਕਾਰਨ ਅੱਜ ਬਹੁਤ ਥਾਵੀਂ ਗੱਦੀ-ਦਾਰੀਆਂ ਪ੍ਰਚਲਤ ਹੁੰਦੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਦੀ ਪੂਜਾ ਕੀਤੀ ਜਾ ਰਹੀ ਹੈ। ਲੋਕ ਆਪਣੀ ਆਪਣੀ ਮਨ-ਬਾਂਛਤ ਮੁਰਾਦ ਦੀ ਪ੍ਰਾਪਤੀ ਲਈ ਦਿਲ ਖੋਲ੍ਹ ਕੇ ਸਭ ਤਰ੍ਹਾਂ ਦੀ ਭੇਟਾ ਕਰਦੇ ਹਨ।

ਧੰਨ ਸਿੱਖ ਗੁਰੂ ਸਾਹਿਬਾਨ, ਜਿਨ੍ਹਾਂ ਦੇ ਜੀਵਨ ਤੋਂ ਸਰਬ-ਸ੍ਰੇਸ਼ਟ ਸ਼ਿਖਿਆ ਮਿਲ ਸਕਦੀ ਹੈ। ਨਿਮਰਤਾ ਤੇ ਸਾਦਗੀ ਦੀ ਉਹ ਅਦੁੱਤੀ ਮਿਸਾਲ ਹਨ—ਹਉਮੈ ਭਾਵ ਦਾ ਬਿਲਕੁਲ ਤਿਆਗ, ਦੁੱਖੀਆਂ, ਮਜ਼ਲੂਮਾਂ ਦੇ ਸਹਾਇਕ, ਨਿਆਸਰਿਆਂ ਦੇ ਆਸਰੇ, ਨਿਓਟਿਆਂ ਦੀ ਓਟ, ਨਿਧਿਰਿਆਂ ਦੀ ਧਿਰ। ਮਨੁੱਖਤਾ ਦੇ ਕਲਿਆਣ ਹਿਤ ਆਪਣੇ ਸੁਖ ਆਰਾਮ ਦੇ ਤਿਆਗ ਦੀ ਤਾਂ ਕਾਹਦੀ ਗੱਲ, ਆਪਣੇ ਜੀਵਨ ਦੀ ਕੁਰਬਾਨੀ ਵੀ ਦਿਤੀ ਜਾਂਦੀ ਰਹੀ ਹੈ। ਆਪਣੇ ਜੀਵਨ ਦੀ ਕੁਰਬਾਨੀ ਹੀ ਨਹੀਂ, ਸਗੋਂ ਆਪਣੇ ਸਾਰੇ ਪਰਿਵਾਰ ਤੇ ਪਿਆਰੇ ਸਿੱਖਾਂ ਨੂੰ ਵੀ ਨਿਛਾਵਰ ਕਰਨ ਵਿਚ ਢਿੱਲ ਨਹੀਂ ਲਾਈ। ਉਨ੍ਹਾਂ ਦੇ ਨਿਕਟ ਮਾਨ-ਵਡਿਆਈਆਂ ਕੋਈ ਅਰਥ ਨਹੀਂ ਸਨ ਰਖਦੀਆਂ।

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਆਪ ਦਾ ਪਰਿਚਯ ਕਰਾਉਂਦੇ ਹੋਏ ਫੁਰਮਾਉਂਦੇ ਹਨ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥

ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥੪॥੩॥ (ਸਿਰੀ ਰਾਗੁ ਮ: ੧–੧੫)

ਗੁਰੂ ਅਮਰਦਾਸ ਜੀ ਨੇ ਜੋ ਬੁਢੇਪੇ ਵਿਚ ਸੇਵਾ ਕਰ ਵਿਖਾਈ, ਕਿਸੇ ਇਤਿਹਾਸ ਵਿਚ ਇਸ ਦੀ ਮਿਸਾਲ ਮਿਲਣੀ ਮੁਸ਼ਕਲ ਹੈ। ਪੰਚਮ ਪਾਤਸ਼ਾਹ ਨੇ ਮਾਤਾ ਗੰਗਾ ਜੀ ਨੂੰ ਪੁੱਤ ਦੀ ਦਾਂਤਿ ਲਈ ਆਪਣੇ ਸੇਵਕ ਬਾਬਾ ਬੁੱਢਾ ਜੀ ਪਾਸ ਭੇਜਿਆ ਸੀ। ਗੁਰੂ ਸਾਹਿਬ ਆਪ ਸ਼ਹੀਦਾਂ ਦੇ ਸਿਰਤਾਜ, ਗਿਆਨ ਦੇ ਭੰਡਾਰ, ਸ਼ਾਂਤੀ ਦੇ ਸਾਗਰ ਹੁੰਦਿਆਂ ਸਿੱਖ ਸੇਵਕਾਂ ਦੀ ਹੱਥੀਂ ਸੇਵਾ ਕਰਦੇ ਤੇ ਥਕਿਆਂ ਹੋਇਆਂ ਦੀ ਮੁੱਠੀ ਚਾਪੀ ਵੀ ਕਰਦੇ ਜਾਂਦੇ। ਇਸੇ ਤਰ੍ਹਾਂ ਬਾਕੀ ਸਭ ਸਤਿਗੁਰਾਂ ਦੀ ਸਿਫ਼ਤਾਂ ਲਿਖਣ ਲਈ ਇਸ ਲੇਖਕ ਦੀ ਕਲਮ ਕੀ ਸਮਰੱਥਾ ਰਖਦੀ ਹੈ। ਨੌਵੇਂ ਪਾਤਸ਼ਾਹ ਦਾ ਅਦੁੱਤੀ ਬਲੀਦਾਨ ਸੰਸਾਰ ਦੇ ਇਤਿਹਾਸ ਵਿਚ ਬੇਮਿਸਾਲ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰਬ ਸ਼ਕਤੀਆਂ ਦੇ ਮਾਲਕ, ਸੋਲ੍ਹਾਂ ਕਲਾਂ ਸੰਪੂਰਨ ਹੁੰਦਿਆਂ ਆਪਣੇ ਆਪ ਨੂੰ ਆਪਣੇ ਸੇਵਕਾਂ ਤੋਂ ਵਰੋਸਾਏ ਦੱਸ ਰਹੇ ਹਨ। ਸੰਸਾਰ ਦੇ ਕਿਸੇ ਆਗੂ ਨੇ ਆਪਣੇ ਸੇਵਕਾਂ ਜਾਂ ਸ਼ਰਧਾਲੂਆਂ ਅੱਗੇ ਇਤਨਾ ਨਿਮਰਤਾ-ਭਾਵ ਪ੍ਰਗਟ ਨਹੀਂ ਕੀਤਾ :

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀ ਮੋਸੇ ਗਰੀਬ ਕਰੋਰ ਪਰੇ ॥੨॥ (ਕੇਸ਼ੋਦਾਸ ਪ੍ਰਬੋਧ)

ਕਲਗੀਧਰ ਜੀ ਸੱਚੇ ਪਾਤਸ਼ਾਹ ਭਾਰਤ ਦੇ ਇਤਿਹਾਸ ਤੋਂ ਜਾਣੂ ਸਨ। ਉਨ੍ਹਾਂ ਨੂੰ ਖ਼ਦਸ਼ਾ ਸੀ ਕਿ ਕਿਤੇ ਖਾਲਸਾ ਪੰਥ ਵਿਚ ਵੀ ਸ਼ਖ਼ਸੀ ਪੂਜਾ ਦਾ ਆਰੰਭ ਨਾ ਹੋ ਜਾਵੇ। ਉਨ੍ਹਾਂ ਆਪਣੀ ਨਿੱਜੀ ਪ੍ਰਭੁਤਾ ਤੇ ਪ੍ਰਧਾਨਤਾ ਨੂੰ ਮਿਟਾਉਣ ਅਤੇ ਆਪਣੇ ਆਪ ਨੂੰ ਸੰਗਤ ਦੇ ਪੱਧਰ ਤੇ ਲਿਆਉਣ ਲਈ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਫਿਰ ਉਨ੍ਹਾਂ ਤੋਂ ਆਪ ਵੀ ਉਸੇ ਤਰ੍ਹਾਂ ਅੰਮ੍ਰਿਤ ਛਕਿਆ। ਅਗੇ ਲਈ ਹੁਕਮ ਕਰ ਦਿਤਾ ਕਿ ਖ਼ਾਲਸਾ ਪੰਥ ਵਿਚ ਸੰਗਤ ਦਾ ਹੁਕਮ ਜਾਂ ਫ਼ੈਸਲਾ ਸਰਬ-ਸ੍ਰੇਸ਼ਟ ਅਤੇ ਸ਼ਰੋਮਣੀ (Supreme) ਸਮਝਿਆ ਜਾਵੇਗਾ। ਇਕ ਸਮੇਂ ਗੁਰੂ ਸਾਹਿਬ ਵੇਖਣਾ ਚਾਹੁੰਦੇ ਸਨ ਕਿ ਉਪਰੋਕਤ ਹੁਕਮ ਜਾਂ ਵਿਚਾਰਧਾਰਾ ਨੂੰ ਸਾਡੇ ਸਿੱਖ ਕਿਥੋਂ ਤਕ ਅਮਲ ਵਿਚ ਲਿਆਉਣ ਦਾ ਹੌਸਲਾ ਰਖਦੇ ਹਨ। ਆਪ ਨੇ ਦੱਖਣ ਵਲ ਜਾਂਦੇ ਹੋਏ ਰਸਤੇ ਵਿਚ ਦਾਦੂ ਪੰਥ ਦੇ ਆਗੂ ਦੀ ਸਮਾਧ ਨੂੰ ਆਪਣੇ ਤੀਰ ਨਾਲ ਨਮਸਕਾਰ ਕਰ ਦਿਤੀ। ਤੁਰੰਤ ਹੀ ਨਾਲ ਜਾਂਦੇ ਸਿੱਖਾਂ ਨੇ ਕਿਹਾ ਕਿ ਮਹਾਰਾਜ, ਇਹ ਕੀ ? ਆਪ ਦਾ ਵਿਚਾਰ ਤਾਂ ਹੈ 'ਗੋਰ ਮੜੀ ਮਟ ਭੂਲ ਨ ਮਾਨੈ'। ਗੁਰੂ ਸਾਹਿਬ ਨੇ ਫੁਰਮਾਇਆ। ਪਿਆਰੇ ਸਿੰਘੋ, ਇਹ ਸਾਡੀ ਭੁੱਲ ਹੈ। ਸਾਨੂੰ ਯੋਗ ਤਨਖ਼ਾਹ (ਦੰਡ) ਲਾ ਦਿਤੀ ਜਾਵੇ। ਸੰਗਤ ਨੇ ਫ਼ੈਸਲਾ ਕੀਤਾ ਕਿ ਅੱਜ ਗੁਰੂ ਸਾਹਿਬ ਸਾਰੀ ਸੰਗਤ ਨੂੰ ਕੜਾਹ ਪ੍ਰਸ਼ਾਦ ਛਕਾਉਣ। ਗੁਰੂ ਸਾਹਿਬ ਨੂੰ ਇਸ ਘਟਨਾ ਤੋਂ ਬੜੀ ਖ਼ੁਸ਼ੀ ਹੋਈ ਕਿ ਜੋ ਅਸੀਂ ਚਾਹੁੰਦੇ ਸਾਂ, ਪੰਥ ਉਸ ਲਈ ਸਰਬ ਸਮਰੱਥ ਹੋ ਚੁੱਕਾ ਹੈ।

ਇਥੇ ਹੀ ਬਸ ਨਹੀਂ, ਗੁਰੂ ਸਾਹਿਬ ਚਾਹੁੰਦੇ ਸਨ ਕਿ ਸਾਡੇ ਪੰਥ ਵਿਚ ਕੇਵਲ ਇਕੋ ਅਕਾਲ ਪੁਰਖ਼ ਦੀ ਉਪਾਸ਼ਨਾ ਦੀ ਹੀ ਪ੍ਰਧਾਨਤਾ ਤੇ ਪ੍ਰਬਲ ਭਾਵਨਾ ਕਾਇਮ ਰਹੇ। ਲੋਕ ਕਿਤੇ ਸਾਨੂੰ ਹੀ ਪੂਜਣਾ ਸ਼ੁਰੂ ਨਾ ਕਰ ਦੇਣ। ਆਪ ਨੇ ਕਰੜੇ ਸ਼ਬਦਾਂ ਵਿਚ ਹੁਕਮ ਜਾਰੀ ਕਰ ਦਿਤਾ ਸੀ :–

ਜੋ ਹਮ ਕੋ ਪਰਮੇਸਰ ਉਚਰਿ ਹੈ ॥ ਤੇ ਸਭ ਨਰਕਿ ਕੁੰਡ ਮਹਿ ਪਰਿ ਹੈ ॥੩੨॥

(ਬਚਿਤ੍ਰ ਨਾਟਕ, ਧਿਆ: ੬)

ਇਸੇ ਤਰ੍ਹਾਂ ਅਮਲੀ ਤੌਰ ਤੇ ਖਾਲਸਾ ਪੰਥ ਵਿਚੋਂ ਸਦਾ ਲਈ ਸ਼ਖ਼ਸੀ ਪੂਜਾ ਜਾਂ ਆਦਮ-ਪ੍ਰਸਤੀ ਖ਼ਤਮ ਕਰ ਦਿਤੀ। ਸਿੱਖ ਧਰਮ ਵਿਚ ਇਕੋ ਪਰਮਾਤਮਾ ਦੀ ਪੂਜਾ ਦਾ ਹੀ ਵਿਧਾਨ ਹੈ ਅਤੇ ਨਿਮਨ ਲਿਖਤ ਨਿਯਮ ਪ੍ਰਸਿੱਧ ਹੋ ਕੇ ਪ੍ਰਚੱਲਤ ਹੋ ਚੁਕਿਆ ਹੈ :–

ਪੂਜਾ–ਅਕਾਲ ਦੀ   ਪਰਚਾ (ਗਿਆਨ)–ਸ਼ਬਦ ਦਾ   ਦੀਦਾਰ–ਖਾਲਸੇ ਦਾ।

ਅਜੋਕੇ ਯੁਗ ਵਿਚ ਹੁਣ ਇਕ ਤਰ੍ਹਾਂ ਦੀ ਮੂਰਤੀ-ਪੂਜਾ ਸ਼ੁਰੂ ਹੋ ਗਈ ਹੈ। ਸਾਡੇ ਕੁਝ ਸਿੱਖ ਸੱਜਣਾਂ ਵਲੋਂ ਆਪਣੇ ਘਰਾਂ ਵਿਚ, ਦੁਕਾਨਾਂ ਵਿਚ ਜਾਂ ਕਾਰਖ਼ਾਨਿਆਂ ਵਿਚ ਆਰਟਿਸਟਾਂ ਦੀਆਂ ਮਨੋਕਲਤ ਬਣੀਆਂ ਗੁਰੂ ਸਾਹਿਬਾਨ ਦੀਆਂ ਸੰਗੀਨ ਤਸਵੀਰਾਂ ਦੀਵਾਰਾਂ ਨਾਲ ਲਟਕਾਈਆਂ ਜਾਂਦੀਆਂ ਹਨ। ਉਨ੍ਹਾਂ ਤਸਵੀਰਾਂ ਨੂੰ ਮੱਥੇ ਟੇਕੇ


www.AKJ.Org

ਜਾਂਦੇ ਹਨ, ਫੁੱਲਾਂ ਦੇ ਹਾਰ ਚੜ੍ਹਾਏ ਜਾਂਦੇ ਹਨ, ਧੂਪ ਦਿਤੀ ਜਾਂਦੀ ਹੈ । ਇਹ ਸਭ ਕੁਝ ਗੁਰਮਤਿ ਦੇ ਉਲਟ ਹੈ । ਮੂਰਤੀ ਪੂਜਣ ਦਾ ਹੀ ਇਹ ਇਕ ਨਵਾਂ ਰੂਪ ਹੈ । ਗੁਰਸਿੱਖਾਂ ਨੂੰ ਗੁਰਮਤਿ ਦੀ ਵਿਚਾਰਧਾਰਾ ਦੇ ਵਿਰੁੱਧ ਕੋਈ ਅਜਿਹਾ ਕਰਮ-ਕਾਂਡ ਕਰਨਾ ਸ਼ੋਭਦਾ ਨਹੀਂ । ਹੁਣ ਸਾਡੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹਨ, ਜਿਥੋਂ ਅਸੀਂ ਗਿਆਨ ਪ੍ਰਾਪਤ ਕਰ ਕੇ ਆਤਮਕ ਵਿਕਾਸ ਕਰਨਾ ਹੈ । ਦੈਵੀ ਗੁਣਾਂ ਭਰਪੂਰ ਅਮਲੀ ਜੀਵਨ ਜੀਉ ਕੇ ਉਪਾਸ਼ਨਾ ਅਕਾਲ ਪੁਰਖ ਦੀ ਕਰਨੀ ਹੈ, ਅਤੇ ਉਸੇ ਵਿਚ ਇਕਮਿਕ ਹੋ ਜਾਣਾ ਹੈ ।

ਗੁਰਸਿੱਖਾਂ ਨੇ ਸ਼ਬਦ-ਗੁਰੂ ਤੋਂ ਅਗਵਾਈ ਲੈਣੀ ਹੈ । ਸਿੱਖ ਧਰਮ ਦੀ ਆਪਣੇ ਮੂਲ ਸਿਧਾਂਤ 'ਸ਼ਬਦ' ਗੁਰੂ ਤੇ ਸਿਰਜਨਾ ਹੋਈ ਹੈ । ਗੋਸ਼ਟੀ ਸਮੇਂ ਜਦ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਪੁਛਿਆ ਕਿ ਤੁਹਾਡਾ ਗੁਰੂ ਕੌਣ ਹੈ ਅਤੇ ਉਸਦਾ ਵਾਸਾ ਕਿਥੇ ਹੈ ? ਬਾਬਾ ਨਾਨਕ ਦੇਵ ਜੀ ਨੇ ਉਨ੍ਹਾਂ ਦੇ ਪ੍ਰਸ਼ਨਾਂ ਦੇ ਉੱਤਰ ਦੇਂਦਿਆਂ ਫ਼ੁਰਮਾਇਆ ਸੀ :

ਸਿੱਧਾਂ ਵਲੋਂ ਪ੍ਰਸ਼ਨ : ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ? ॥੪੩॥ (੯੪੨)
ਗੁਰੂ ਸਾਹਿਬ ਦਾ ਉੱਤਰ : ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥੪੪॥ (੯੪੩)
ਪ੍ਰਸ਼ਨ : ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ ? ॥੫੮॥
ਉੱਤਰ : ਸੁ ਸਬਦੇ ਕਉ ਨਿਰੰਤਰਿ ਵਾਸੁ ਅਲਖੰ, ਜਹ ਦੇਖਾ ਤਹ ਸੋਈ ॥੫੯॥ (੯੪੪)

ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਦਾ ਉੱਤਰ ਦੇਂਦਿਆਂ ਸ਼ਬਦ-ਗੁਰੂ ਦਾ ਭੇਦ ਖੋਲ੍ਹ ਕੇ ਉਸ ਦੀ ਹਰ ਥਾਂ ਵਿਆਪਕਤਾ ਦੀ ਬੜੇ ਸੁੰਦਰ ਸ਼ਬਦਾਂ ਵਿਚ ਵਿਆਖਿਆ ਕੀਤੀ ਹੈ ।

ਸ਼ਬਦ ਦੇ ਕਈ ਅਰਥ ਹਨ : ਧੁਨੀ, ਆਵਾਜ਼, ਸੁਰ, ਪਦ, ਲਫ਼ਜ਼, ਗੁਰ-ਉਪਦੇਸ਼, ਬ੍ਰਹਮ, ਕਰਤਾਰ, ਧਰਮ, ਮਜ਼ਹਬ ਅਤੇ ਪੈਗ਼ਾਮ ਆਦਿ । (ਮਹਾਨ ਕੋਸ਼, ਭਾਈ ਕਾਹਨ ਸਿੰਘ)

ਸ਼ਬਦ ਭਾਵ ਧੁਨੀ ਅਨਾਦੀ ਹੈ । ਵੇਦ ਕਾਲ ਤੋਂ ਹੀ ਮਨੁੱਖ ਦਾ ਅਨੁਭਵੀ ਨਿਸਚਾ, ਦ੍ਰਿੜ੍ਹ ਹੋ ਚੁਕਿਆ ਸੀ ਕਿ ਸ੍ਰਿਸ਼ਟੀ ਦੀ ਉਤਪਤੀ ਤੋਂ ਵੀ ਪਹਿਲਾਂ ਧੁਨੀ ਸੀ, ਜੋ ਪਾਰਬ੍ਰਹਮ ਦੀ ਹੋਂਦ ਨੂੰ ਸਿੱਧ ਕਰਦੀ ਹੈ । ਹੁਣ ਵੀ ਹੈ ਅਤੇ ਸ੍ਰਿਸ਼ਟੀ ਦੀ ਸਮਾਪਤੀ ਤੋਂ ਬਾਅਦ ਵੀ ਰਹੇਗੀ । ਉਹ ਧੁਨੀ-ਓਮ ਜਾਂ ਓਅੰਕਾਰ ਪਾਰਬ੍ਰਹਮ ਦਾ ਹੀ ਸੰਕੇਤ ਹੈ ।

ਸ੍ਰਿਸ਼ਟੀ ਦੀ ਸਾਜਨਾ ਓਅੰਕਾਰ ਤੋਂ ਹੀ ਹੋਈ ਹੈ । ਸੰਸਾਰ ਓਅੰਕਾਰ ਵਿਚ ਵਿਆਪਕ ਹੈ ਅਤੇ ਓਅੰਕਾਰ ਵਿਚ ਹੀ ਸਮਾਪਤ ਹੋ ਜਾਂਦਾ ਹੈ । ਓਅੰਕਾਰ ਦੇ ਅਰਥ ਹਨ ਹਨ—ਓਅੰ ਧੁਨੀ । (ਮਹਾਨ ਕੋਸ਼)

ਪ੍ਰਿਥਮ ਕਾਲ ਜਬ ਕਰਾ ਪਸਾਰਾ ॥ ਓਅੰਕਾਰ ਤੇ ਸ੍ਰਿਸਟ ਉਪਾਰਾ ॥੧੦॥
(ਬਚਿਤ੍ਰ ਨਾਟਕ, ਧਿਆ: ੨)

ਇਕੋ ਸ਼ਬਦ ਨਾਲ ਹੀ ਸਾਰੀ ਸ੍ਰਿਸ਼ਟੀ ਦਾ ਪਸਾਰਾ ਹੋ ਗਿਆ ਸੀ :—

ਕੀਤਾ ਪਸਾਉ ਏਕੋ ਕਵਾਉ ॥੧੬॥ (ਜਪੁਜੀ)
ਸਬਦੁ ਨ ਜਾਣਹਿ ਸੇ ਅੰਨੇ ਬੋਲੇ, ਸੇ ਕਿਤੁ ਆਏ ਸੰਸਾਰਾ ॥੩॥ (ਸੋਰਠਿ ਮ: ੩—੬੦੧)
ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਕਰਾਇਆ ॥
ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥੨॥੪॥ (ਮ: ੩—੬੪੪)

ਸ਼ਬਦ, ਭਾਵ, ਨਾਮ ਦੀ ਕਮਾਈ ਨਾਲ ਭਵਸਾਗਰ ਤੋਂ ਪਾਰ ਉਤਾਰਾ ਹੁੰਦਾ ਹੈ । ਭਾਰਤੀ ਲੋਕਾਂ ਅੰਦਰ ਸਦੀਆਂ ਦੀ ਗੁਲਾਮੀ ਨੇ ਦੈਵੀ ਗੁਣਾਂ ਦੀ ਅਣਹੋਂਦ ਕਰ ਦਿਤੀ ਸੀ । ਤਤ ਵਸਤੂ ਤੋਂ ਸਖਣੇ ਭਰਮ-ਭੁਲੇਖਿਆਂ, ਕਰਮ-ਕਾਂਡਾਂ ਅਤੇ ਅਗਿਆਨਤਾ ਵਿਚ ਭਟਕ ਰਹੇ ਸਨ । ਉਨ੍ਹਾਂ ਅੰਦਰ ਧਰਮ ਦੀ ਜਾਗ੍ਰਿਤੀ, ਸਵੈਮਾਨ, ਅਣਖ ਅਤੇ ਸੱਚਾ ਗਿਆਨ ਦੇਣ ਦਾ ਬਹੁਤ ਵੱਡਾ ਕਾਰਜ ਸੀ । ਲੰਬੇ ਸਮੇਂ ਦੀ ਲੋੜ ਸੀ । ਇਸ ਲਈ ਗਿਆਨ ਪ੍ਰਕਾਸ਼ਕ ਜੋਤਿ ਅਤੇ ਜੁਗਤਿ ਦਸ ਜਾਮਿਆਂ ਵਿਚ ਨਿਰੰਤਰ ਜਗਦੀ ਰਹੀ । ਜਦ ਬੜੀਆਂ ਘਾਲਣਾਂ ਅਤੇ ਕੁਰਬਾਨੀਆਂ ਮਗਰੋਂ ਇਕ ਅਜਿਹੇ ਸਮਾਜ ਦੀ ਸਫਲ ਸਿਰਜਨਾ ਸਿਰੇ ਚੜ੍ਹ ਗਈ, ਜਿਸ ਦਾ ਹਰ ਵਿਅਕਤੀ ਸੰਤ ਸਿਪਾਹੀ, ਪਰਉਪਕਾਰੀ ਨਿਸ਼ਕਾਮ ਸੇਵਕ, ਧਰਮੀ, ਕਿਰਤੀ ਅਤੇ ਅਣਖੀ ਹੋ ਨਿਬੜਿਆ, ਤਾਂ ਜੋਤਿ ਦੇ ਪ੍ਰਗਟਾਵੇ ਲਈ ਸਰੀਰ ਨੂੰ ਮਾਧਿਅਮ


www.AKJ.Org

ਬਣਾਉਣ ਦਾ ਕਾਰਜ ਸੰਪੂਰਨ ਹੋਣ ਕਰਕੇ, ਉਹੀ ਗੁਰੂ ਜੋਤਿ ਮੁੜ ਆਪਣੀ ਰੱਖੀ ਬਾਣੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਲੂਲ ਕਰ ਦਿਤੀ ਅਤੇ ਜੁਗਤਿ ਨਵੇਂ ਸਿਰਜੇ ਸਮਾਜ 'ਖਾਲਸਾ ਪੰਥ' ਵਿਚ ਪ੍ਰਵੇਸ਼ ਕਰ ਦਿਤੀ । ਇਹ ਅਮਰ ਜੋਤਿ, ਭਾਵ, ਬਾਣੀ ਅਤੇ ਜੁਗਤਿ ਸੰਸਾਰ ਅੰਦਰ ਮਨੁੱਖਤਾ ਦੀ ਕਲਿਆਣਕਾਰੀ ਲਈ ਸਦਾ ਹੀ ਪ੍ਰਕਾਸ਼ਮਾਨ ਰਹੇਗੀ ।

ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥੭॥ (ਮਾਝ ਮ: ੫–੧੨੪)

ਸ਼ਬਦ ਜਾਂ ਨਾਮ ਦੀ ਕਮਾਈ ਬਗ਼ੈਰ ਹੋਰ ਕੋਈ ਸਾਧਨ ਨਹੀਂ, ਜਿਸ ਨਾਲ ਸਾਡੇ ਅੰਦਰੋਂ ਅਗਿਆਨਤਾ ਦਾ ਅੰਧੇਰਾ ਦੂਰ ਹੋ ਜਾਵੇ ਅਤੇ ਪਰਮਾਤਮਾ ਨਾਲ ਮੇਲ ਹੋ ਜਾਵੇ । ਸਾਨੂੰ ਆਪਣੇ ਜੀਵਨ-ਰਾਹ ਦੀਆਂ ਸੇਧਾਂ, ਬਾਣੀ ਵਿਚੋਂ ਹੀ ਪ੍ਰਾਪਤ ਹੋਣੀਆਂ ਹਨ ।

ਵਾਹੁ ਵਾਹੁ ਬਾਣੀ ਨਿਰੰਕਾਰ ਹੈ, ਤਿਸੁ ਜੇਵਡੁ ਅਵਰੁ ਨ ਕੋਇ ॥੧॥ (ਸਲੋਕ ਮ: ੩–੫੧੫)
ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ, ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥੫॥ (ਨਟ ਮ: ੪–੯੮੨)

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਧਰਮ ਅਮਲੀ ਧਰਮ (Practicable), ਭਾਵ ਜੀਵਨ ਵਿਚ ਅਮਲੀ ਤੌਰ ਤੇ ਕਮਾਉਣ ਲਈ ਹੈ । ਕੋਈ ਖ਼ੁਸ਼ਕ ਫ਼ਲਸਫ਼ੇ ਜਾਂ ਕਲਪਨਾ ਦੀ ਉਡਾਰੀ ਜਾਂ ਕੇਵਲ ਬੁੱਧੀ ਬਲ ਨਾਲ ਘੜੇ ਕੋਰੇ ਸ਼ਬਦਾਂ ਦਾ ਸੰਗ੍ਰਹਿ ਨਹੀਂ । ਗੁਰਬਾਣੀ ਵਿਚ ਪਾਰਬ੍ਰਹਮ ਆਪ ਪ੍ਰਵਿਰਤ ਹਨ, ਕਿਉਂਕਿ ਆਤਮਾ ਹੀ ਪਰਮਾਤਮਾ ਨਾਲ ਸੰਜੋਗ ਦੀ ਅਵਸਥਾ ਵਿਚ ਸ਼ਬਦ ਭਾਵ ਬਾਣੀ ਦਾ ਪ੍ਰਕਾਸ਼ ਹੋਇਆ ਹੈ । ਇਸੇ ਕਰਕੇ ਬਾਣੀ ਵਿਚ ਪ੍ਰਭਾਵ ਸਮਰੱਥਾ ਅਤੇ ਪ੍ਰੇਰਕ ਸ਼ਬਦੀ ਅਥਾਹ ਹੈ ਅਤੇ ਸੰਜਮ ਕਮਾਲ ਦਰਜੇ ਨੂੰ ਪਹੁੰਚ ਗਿਆ ਹੈ । ਕੋਈ ਵੀ ਵਿਅਕਤੀ ਬਾਣੀ ਦਾ ਅਸਰ ਕਬੂਲੇ ਬਿਨਾਂ ਨਹੀਂ ਰਹਿ ਸਕਦਾ ।

ਅਭਿਮਾਨੀਆਂ ਨੂੰ ਝੂਠੇ ਮਾਨ ਤੋਂ, ਵਿਕਾਰੀਆਂ ਨੂੰ ਵਿਕਾਰਾਂ ਤੋਂ, ਲੋਭੀਆਂ ਨੂੰ ਪਦਾਰਥਾਂ ਤੇ ਧਨ ਦੇ ਝੂਠੇ ਚਮਤਕਾਰਾਂ ਪਿਛੇ ਜੀਵਨ ਬਰਬਾਦ ਕਰਦਿਆਂ ਨੂੰ ਬਚਾਉਂਦੀ ਤੇ ਸਹੀ ਰਾਹ ਦਿਖਾਉਂਦੀ ਹੈ ।

ਪਰਉਪਕਾਰ, ਸੇਵਾ, ਤਿਆਗ ਅਤੇ ਕੁਰਬਾਨੀ ਦੀਆਂ ਭਾਵਨਾਵਾਂ ਲਈ ਸ਼ਕਤੀ-ਸ਼ਾਲੀ ਪ੍ਰੇਰਕ ਹੈ । ਮਨੁੱਖਾ ਜਨਮ ਦੀ ਅਤੇ ਸਮੇਂ ਦੀ ਕਦਰ ਕਰਨਾ ਸਿਖਾਉਂਦੀ ਹੈ । ਗ਼ਾਫ਼ਲ ਹੋ ਕੇ ਸਮਾਂ ਅਕਾਰਥ ਗੁਆਉਣ ਤੋਂ ਵਰਜਦੀ ਹੈ । ਮਨੁੱਖ ਨੂੰ ਇਕ ਆਦਰਸ਼ਕ ਜੀਵਨ ਪ੍ਰਦਾਨ ਕਰਦੀ ਹੈ ।

ਬਲਹੀਨ ਤੇ ਨਿਤਾਣਿਆਂ ਨੂੰ ਮੌਤ ਦਾ ਭੈ ਦੂਰ ਕਰ ਕੇ ਬਲਵਾਨ ਆਤਮਾ ਦਾ ਮਾਲਕ ਬਣਾਉਂਦੀ ਹੈ । ਸੰਸਾਰਕ ਪਦਾਰਥਾਂ ਤੇ ਝੂਠੇ ਰਸਾਂ ਕਸਾਂ ਨਾਲੋਂ ਨਾਮ ਰਸ ਨੂੰ ਸਰਬੋਤਮ ਦਸ ਕੇ ਉਸ ਵਿਚ ਲਿਵ ਲਾਉਣ ਲਈ ਵਧੇਰੇ ਉਤੇਜਿਤ ਕਰਦੀ ਹੈ, ਜਿਸ ਨਾਲ ਵਾਹਿਗੁਰੂ ਵਿਚ ਅਭੇਦਤਾ ਪ੍ਰਾਪਤ ਹੁੰਦੀ ਹੈ ।

ਅਜਿਹੀ ਗਿਆਨ-ਪ੍ਰਕਾਸ਼ਕ ਬਾਣੀ ਦੇ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁੰਦਿਆਂ ਅੱਜ ਸੰਸਾਰ ਉਤੇ ਕਿਸੇ ਦੇਹਧਾਰੀ ਗੁਰੂ ਦੀ ਲੋੜ ਉੱਕਾ ਹੀ ਨਹੀਂ ।

ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ ॥ ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ॥
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ ॥ ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੈ ਲੇਹ ॥
(ਪੰਥ ਪ੍ਰਕਾਸ਼)

ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥੨॥੧੩॥੭੭॥ (ਸੋਰਠਿ ਮ: ੫–੬੨੮)
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ, ਹਰਿ ਕਰਤਾ ਆਪਿ ਮੁਹਹੁ ਕਢਾਏ ॥
੨॥੧੪॥ ਮ: ੪, ਵਾਰ ਗਉੜੀ, ਪੰਨਾ ੩੦੮

[ਸੀਸ-ਗੰਜ, ਦਿਲੀ, ਸਤੰਬਰ ੮੮ ਚੋਂ ਧੰਨਵਾਦ ਸਹਿਤ]


www.AKJ.Org

# ਥੰਮੇ ਕੋਇ ਨ ਸਾਧ ਬਿਨੁ

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਪਟਿਆਲਾ]

ਬਾਝੁ ਗੁਰੂ ਅੰਧੇਰੁ ਹੈ, ਖਹਿ ਖਹਿ ਮਰਦੇ ਬਹੁ ਬਿਧਿ ਲੋਆ ॥
ਵਰਤਿਆ ਪਾਪ ਜਗਤ੍ਰ ਤੇ, ਧਉਲ ਉਡੀਣਾ ਨਿਸਦਿਨ ਰੋਆ ॥
ਬਾਝੁ ਦਇਆ ਬਲਹੀਣ ਹੋਇ, ਨਿੱਘਰ ਚਲੇ ਰਸਾਤਲ ਟੋਆ ॥
ਖੜਾ ਇਕਤੇ ਪੈਰ ਤੇ, ਪਾਪਾਂ ਸੰਗਿ ਬਹੁ ਭਾਰਾ ਹੋਆ ॥
ਥੰਮੇ ਕੋਇ ਨ ਸਾਧ ਬਿਨੁ, ਸਾਧੁ ਨ ਦਿਸੈ ਜਗ ਵਿਚਿ ਕੋਆ ॥
ਧਰਮ ਧਉਲ ਪੁਕਾਰੈ ਤਲੈ ਖੜੋਆ ॥੨੨॥ (ਵਾਰ ੧, ਪਉੜੀ ੨੨)

ਸੋਲ੍ਹਵੀਂ ਸ਼ਤਾਬਦੀ ਵਿਚ ਭਾਈ ਗੁਰਦਾਸ ਜੀ ਦੀ ਲਿਖੀ ਇਹ ਪਉੜੀ ਅਜ ਵੀਹਵੀਂ ਸਦੀ ਦੇ ਅੰਤਮ ਦਹਾਕੇ ਵਿਚ ਭੀ ਉਤਨੀ ਹੀ ਸਚਾਈ ਭਰੀ ਹੈ ਜਿਤਨੀ ਸੋਲ੍ਹਵੀਂ ਸਦੀ ਵਿਚ ਸੀ। ਪੌਰਾਣਿਕ ਵਿਚਾਰ ਹੈ ਕਿ ਧਰਤੀ ਚਿੱਟੇ ਬਲਦ ਦੇ ਸਿੰਗਾਂ ਤੇ ਖੜੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਵਿਚਾਰ ਦੀ ਸੋਧ ਕੀਤੀ ਕਿ ਸਮੁਚੀ ਸ੍ਰਿਸ਼ਟੀ ਧਰਮ-ਧਉਲ ਦੇ ਆਸਰੇ ਖੜੀ ਹੈ। ਜੇ ਬੈਲ ਦੇ ਚਾਰ ਪੈਰ ਹੁੰਦੇ ਹਨ ਤਾਂ ਧਰਮ ਦੇ ਭੀ ਚਾਰ ਬੁਨਿਆਦੀ ਥੰਮ੍ਹ ਹਨ, ਜਿਨ੍ਹਾਂ ਦੇ ਆਸਰੇ (ਜੁਗਾਂ ਜੁਗਾਂ ਅੰਦਰ) ਮਨੁਖੀ ਭਾਈਚਾਰੇ ਚਲਦੇ ਆਏ ਹਨ। ਹੁਣ ਕਲਜੁਗ ਦਾ ਸਮਾਂ ਹੈ ਜਿਸ ਵਿਚ ਸੱਚ, ਸੰਤੋਖ, ਅਤੇ ਦਇਆ ਧਉਲ-ਧਰਮ ਦੇ ਤਿੰਨ ਮਹਾਨ ਥੰਮ ਟੁਟ ਚੁਕੇ ਹਨ। ਹਰ ਪਾਸੇ ਈਰਖਾ, ਕੂੜ, ਲੋਭ ਅਤੇ ਹੰਕਾਰ ਦੀ ਤਪਸ਼ ਅਤੇ ਸੇਕ ਨਾਲ ਮਨੁਖ ਆਤਮਕ ਤੌਰ ਤੇ ਜਲਨ ਜਿਹੀ ਮਹਿਸੂਸ ਕਰਦਾ ਹੈ। ਰਾਹ ਦਿਖਾਣ ਵਾਲੇ ਗੁਰੂ ਸੱਚੇ ਰਹਿਬਰ ਤੋਂ ਬਿਨਾਂ, ਆਮ ਜਨਤਾ ਆਪੋ ਵਿਚ ਲੜ-ਝਗੜ ਰਹੀ ਹੈ। ਕਿਤੇ ਮਸਜਿਦ ਦਾ ਝਗੜਾ ਹੈ ਤੇ ਕਿਤੇ ਮੰਦਰ ਦਾ, ਅਤੇ ਕਿਤੇ ਗੁਰਦੁਆਰੇ ਨੂੰ ਅਗਨ-ਭੇਟ ਕੀਤਾ ਜਾ ਰਿਹਾ ਹੈ।

ਉਪਰੋਕਤ ਪਉੜੀ ਵਿਚ ਰੂਪਕ ਇਹ ਬੰਨ੍ਹਿਆ ਹੈ ਕਿ ਇਉਂ ਬੇਇਨਸਾਫੀ ਅਤੇ ਧੱਕੇਸ਼ਾਹੀ ਦੇ ਇਸ ਮਾਹੌਲ ਨੂੰ ਤੱਕ ਕੇ ਧਰਮ (ਧਉਲ) ਕਰਤਾਰ ਵਲੋਂ ਨਿਆਂ ਦਾ ਪੱਖ ਪੂਰਨ ਵਾਲੇ ਤੇ ਉਚੀ ਸੁਰਤ ਵਾਲੇ ਵਿਅਕਤੀ ਦੀ ਦਿਨ ਰਾਤ ਉਡੀਕ ਕਰ ਰਿਹਾ ਹੈ। ਧਉਲ-ਧਰਮ ਕਲਜੁਗ ਵਿਚ ਬਲਹੀਣ ਹੋ ਚੁਕਾ ਹੈ। ਚਾਰ ਬੁਨਿਆਦੀ ਥੰਮ੍ਹਾਂ ਦੀ ਬਜਾਏ ਉਹ ਕੇਵਲ ਇਕ ਪੈਰ ਤੇ ਖੜਾ ਹੈ। ਸਤ, ਸੰਤੋਖ ਅਤੇ ਦਇਆ ਕਿਤੇ ਨਜ਼ਰੀ ਨਹੀਂ ਆਉਂਦੇ। ਇਸ ਦਾ ਚੌਥਾ ਪੈਰ ਧਰਮ ਹੈ, ਭਾਵ, ਪ੍ਰਕ੍ਰਿਤੀ ਦਾ ਸੁਭਾਅ ਜਾਂ ਉਹ ਪਵਿਤਰ ਨਿਯਮ ਜਿਸ ਦੇ ਆਧਾਰ ਤੇ ਸ੍ਰਿਸ਼ਟੀ ਦੀ ਰਚਨਾ ਕੀਤੀ ਗਈ ਹੈ। ਹਵਾ, ਪਾਣੀ, ਅਗਨੀ, ਧਰਤੀ ਅਤੇ ਆਕਾਸ਼ ਪੰਜੇ ਤਤ ਕਿਸੇ ਵਿਸ਼ੇਸ਼ ਨਿਯਮ ਨਾਲ ਬੰਨ੍ਹੇ ਹੋਏ ਹਨ। ਕਲਜੁਗ ਵਿਚ ਧਰਮ ਦਾ ਕੇਵਲ ਇਹੋ ਕੁਝ ਹੀ ਮੂਲ ਰੂਪ ਵਿਚ ਰਹਿ ਗਿਆ ਹੈ। ਮਨੁਖ ਦਾ ਉਚ ਆਚਰਣ ਅਤੇ ਸਭਿਅਤਾ (ਕਲਚਰ) ਆਦਿ ਹਮੇਸ਼ਾ ਸਤ, ਸੰਤੋਖ ਅਤੇ ਦਇਆ ਜਿਹੇ ਉਚੇ ਗੁਣਾਂ ਨੇ ਉਸਾਰੇ ਹਨ। ਜਦੋਂ ਇਹ ਗੁਣ ਮਨੁਖੀ ਸ੍ਰਿਸਤ ਵਿਚੋਂ ਅਲੋਪ ਹੁੰਦੇ ਜਾਂਦੇ ਹਨ, ਤਾਂ ਮਨੁਖ ਪਸ਼ੂ ਬਿਰਤੀ ਵਲ ਵਧਦਾ ਹੈ। ਪਾਪ ਉਹ ਅਵਸਥਾ ਹੈ ਜਦੋਂ ਮਨੁਖੀ ਆਚਰਣ ਪਸ਼ੂ ਪੱਧਰ ਤੇ ਡਿਗ ਪਵੇ। ਪੁੰਨ ਉਹ ਅਵਸਥਾ ਹੈ ਜਦੋਂ ਮਨੁਖੀ ਆਚਰਣ ਸਦਗੁਣਾਂ ਸੰਪੰਨ ਹੋ ਕੇ ਦੇਵਤਿਆਂ ਦੇ ਪੱਧਰ ਨੂੰ ਛੂਹ ਜਾਏ।

ਭਾਈ ਗੁਰਦਾਸ ਜੀ ਆਪਣੀ ਉਪਰੋਕਤ ਪਉੜੀ ਵਿਚ ਧਰਮ ਦੇ ਧਉਲ ਨੂੰ ਪਾਪਾਂ ਵਿਚਾਲੇ ਘਿਰਿਆ ਦਸਦੇ ਹੋਏ, ਪਾਪਾਂ ਨੂੰ ਬਿੰਬ ਦੇ ਤੌਰ ਤੇ ਵਰਤ ਰਹੇ ਹਨ, ਸੰਕੇਤ ਮਨੁਖ ਦੇ ਪਸ਼ੂ ਸੁਭਾਅ ਵਲ ਹੈ। ਅਜਿਹੀ ਨਿਘਰਦੀ ਦਸ਼ਾ ਵਿਚ ਭਾਈ ਸਾਹਿਬ ਜੀ ਧਰਮ ਵਲੋਂ ਬੜੀ ਸੋਹਣੀ ਟਿਪਣੀ ਦਿੰਦੇ ਹੋਏ ਲਿਖਦੇ ਹਨ ਕਿ ਇਸ ਹਾਲਤ ਵਿਚ ਕੋਈ ਰੱਬ ਦਾ ਭੇਜਿਆ ਸਾਧ ਹੀ ਧਰਮ (ਧਉਲ) ਨੂੰ ਸਹਾਰਾ ਦੇ ਸਕਦਾ ਹੈ, ਭਾਵ, ਮਨੁਖੀ ਆਚਰਣ ਨੂੰ ਉਚਿਆਣ ਦੀ ਸੇਧ ਦੇ ਸਕਦਾ ਹੈ। ਪਰ ਨਾਲ ਹੀ ਕਹਿੰਦੇ ਹਨ, ਕਿ ਐਸੇ ਪਾਪਾਂ ਦੇ ਪਸਰ ਰਹੇ ਘੋਰ ਹਨੇਰੇ ਨੂੰ ਥੰਮਣ ਵਾਲਾ, ਇਸ ਧੁੰਧ ਨੂੰ ਦੂਰ ਕਰਨ ਵਾਲਾ ਸੱਚਾ ਸਾਧੂ ਸਾਰੇ ਸੰਸਾਰ ਵਿਚ ਕਿਤੇ ਨਹੀਂ



www.AKJ.Org

ਦਿਸੰਦਾ। ਸੋ ਧਰਮ ਪੁਕਾਰ ਕਰਦਾ ਹੈ ਕਰਤਾਰ ਅਗੇ ਕਿ ਇਸ ਧੁੰਧ ਨੂੰ ਮਿਟਾਉਣ ਵਾਲਾ ਕੋਈ ਸਾਧ ਮੇਰੀ ਸਹਾਇਤਾ ਲਈ ਭੇਜੋ।

ਪਹਿਲੀ ਵਾਰ ਦੀ ਅਗਲੇਰੀ ਪਉੜੀ ਨੰਬਰ ੨੩ ਵਿਚ ਭਾਈ ਸਾਹਿਬ ਜੀ ਨੇ ਰੂਪਕ ਬੰਨ੍ਹਿਆ ਹੈ ਕਿ ਧਰਮ ਖੜਾ ਜੋ ਪੁਕਾਰ ਕਰ ਰਿਹਾ ਹੈ, ਉਹ ਦਰਗਾਹੇ ਸੁਣੀ ਜਾਂਦੀ ਹੈ, ਅਤੇ ਸਤਿਗੁਰੂ ਨਾਨਕ ਦੇਵ ਜੀ ਨੂੰ ਧਰਮ ਦੀ ਸਹਾਇਤਾ ਲਈ ਭੇਜਿਆ ਜਾਂਦਾ ਹੈ–

ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰੁ ਨਾਨਕ ਜਗ ਮਾਹਿ ਪਠਾਇਆ ॥

ਹਾਂ! ਧਰਮ ਦੀ ਪੁਕਾਰ ਦਰਗਾਹੇ ਸੁਣੀ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਹੋਇਆ। ਇਕ ਮਹਾਨ ਆਤਮਾ ਧਰਤੀ ਤੇ ਉਤਰੀ। ਇਸ ਦੇ ਬੋਲਾਂ ਨੇ ਹਰ ਮਜ਼ਹਬ ਅਤੇ ਹਰ ਵਰਗ ਦੇ ਲੋਗਾਂ ਵਿਚ ਚਾਰ ਚੁਫੇਰੇ ਹਲ ਚਲ ਪੈਦਾ ਕਰ ਦਿੱਤੀ। ਉਦੋਂ ਇਸਲਾਮਿਕ ਹਕੂਮਤ ਸੀ। ਐਸੇ ਕਟੜ ਮੁਸਲਮਾਨੀ ਰਾਜ ਅੰਦਰ ਇਸਲਾਮ ਦੇ ਵਿਰੁਧ ਕੋਈ ਹਿੰਦੂ (ਖਤ੍ਰੀ ਦਾ ਬੇਟਾ) ਗੱਲ ਕਰਨ ਦੀ ਜੁਰਅਤ ਕਿਵੇਂ ਕਰ ਸਕਦੈ? ਪਰ ਰੱਬ ਦੇ ਫਕੀਰ ਇਹਨਾਂ ਡਰ-ਡਰਾਵਿਆਂ ਤੋਂ ਸਦਾ ਉਪਰ ਹੁੰਦੇ ਹਨ। ਉਹ ਨਿਧੜਕ ਹੋ ਕੇ ਰੱਬ ਦਾ ਸੁਨੇਹਾ ਦੇਂਦੇ ਹਨ।

ਪੁਛਨਿ ਗਲ ਈਮਾਨ ਦੀ, ਕਾਜ਼ੀ ਮੁਲਾਂ ਇਕਠੇ ਹੋਈ ॥
ਵਡਾ ਸਾਂਗ ਵਰਤਾਇਆ, ਲਖ ਨ ਸਕੈ ਕੁਦਰਤਿ ਕੋਈ ॥
ਪੁਛਨਿ ਫੋਲਿ ਕਿਤਾਬ ਨੋ, ਹਿੰਦੂ ਵਡਾ ਕਿ ਮੁਸਲਮਾਨੋਈ ?
ਬਾਬਾ ਆਖੇ ਹਾਜੀਆਂ, ਸੁਭ ਅਮਲਾਂ ਬਾਝਹੁ ਦੋਨੋ ਰੋਈ ॥
ਹਿੰਦੂ ਮੁਸਲਮਾਨ ਦੋਇ ਦਰਗਹ ਅੰਦਰਿ ਲਹਨਿ ਨ ਢੋਈ ॥ (ਵਾਰ ੧, ਪਉੜੀ ੩੩)

ਗੁਰੂ ਬਾਬੇ ਨੇ ਇਕੱਠੇ ਹੋਏ ਕਾਜ਼ੀਆਂ ਮੁਲਾਂ ਨੂੰ ਬੇਖੌਫ ਹੋ ਕੇ ਪਰਗਟ ਕੀਤਾ ਕਿ ਸ਼ੁਭ ਅਮਲਾਂ ਤੋਂ ਬਿਨਾਂ ਦੋਨੋਂ ਹਿੰਦੂ ਤੇ ਮੁਸਲਮਾਨ ਮਜ਼ਹਬਾਂ ਦੇ ਲੋਗ ਰੱਬ ਦੀ ਦਰਗਾਹੇ ਪਰਵਾਣ ਨਹੀਂ ਚੜ੍ਹ ਸਕਦੇ।

ਬਗ਼ਦਾਦ ਦੇ ਪੀਰ ਨੇ ਭੀ ਜਦੋਂ ਅੰਤਰ-ਆਤਮੇ ਧਿਆਨ ਲਗਾ ਕੇ ਤਕਿਆ ਤਾਂ ਉਸ ਨੂੰ ਭੀ ਸਤਿਗੁਰਾਂ ਦੀ ਉਚੀ ਸੁਰਤਿ ਦੇ ਦਰਸ਼ਨ ਹੋਏ।

ਸੁੰਨ ਮੁੰਨ ਨਗਰੀ ਭਈ, ਦੇਖਿ ਪੀਰ ਭਇਆ ਹੈਰਾਨਾ ॥
ਵੇਖੈ ਧਿਆਨੁ ਲਗਾਇ ਕਰ, ਇਕ ਫਕੀਰ ਵਡਾ ਮਸਤਾਨਾ ॥
ਪੁਛਿਆ ਫਿਰ ਕੈ ਦਸਤਗੀਰ, ਕਉਣ ਫਕੀਰ, ਕਿਸ ਕਾ ਘਰਾਨਾ ॥
ਬਾਬੇ ਉਤਰ ਦਿਤਾ–ਨਾਨਕ ਕਲਿ ਵਿਚਿ ਆਇਆ, ਰਬੁ ਫਕੀਰੁ ਇਕੋ ਪਹਿਚਾਨਾ ॥
ਧਰਤਿ ਆਕਾਸ ਚਹੂੰ ਦਿਸ ਜਾਨਾ ॥ (ਵਾਰ ੧, ਪਉੜੀ ੩੫)

ਬਗ਼ਦਾਦ ਦੇ ਪੀਰ ਦਸਤਗੀਰ, ਜਿਸਨੇ ਸਤਿਗੁਰੂ ਜੀ ਨੂੰ ਪੱਥਰਾਂ-ਵਟਿਆਂ ਨਾਲ ਮਾਰ ਮਾਰ ਕੇ ਖ਼ਤਮ ਕਰ ਦੇਣ ਦਾ ਆਦੇਸ਼ ਕੇਵਲ ਇਸ ਲਈ ਦਿਤਾ ਸੀ ਕਿ ਉਹਨਾਂ ਦੇ ਧਰਮ ਦੇ ਸਿਧਾਂਤ–'ਸਤ ਆਕਾਸ਼ ਅਤੇ ਸਤ ਪਾਤਾਲ' ਦੇ ਉਲਟ ਗੁਰੂਦੇਵ ਜੀ ਨੇ ਲਖਾਂ ਆਕਾਸ਼ਾਂ ਅਤੇ ਲਖਾਂ ਪਾਤਾਲਾਂ ਵਲ ਸੰਕੇਤ ਕੀਤਾ ਸੀ ਅਤੇ ਕਿਹਾ ਸੀ ਕਿ ਉਹ ਕਾਦਰ ਅਤੇ ਉਸਦੀ ਕੁਦਰਤ ਗਿਣਤੀ ਮਿਣਤੀ ਤੋਂ ਬਾਹਰ ਹੈ।

ਸਤਿਗੁਰੂ ਜੀ ਦੀ ਵਡਿਆਈ ਇਸ ਗੱਲ ਤੋਂ ਭੀ ਪਰਗਟ ਹੁੰਦੀ ਹੈ ਕਿ ਉਨ੍ਹਾਂ ਨੇ ਇਸਲਾਮਿਕ ਸ਼ਰ੍ਹਾ ਦੇ ਉਲਟ ਧਾਰਨਾ ਵਾਲੀ ਗੱਲ ਇਸਲਾਮ ਦੇ ਪੈਰੋਕਾਰਾਂ ਦੇ ਇਕੱਠ ਵਿਚਕਾਰ ਕੀਤੀ, ਚਾਹੇ ਉਹ ਸੁਲਤਾਨਪੁਰ ਲੋਧੀ ਦੀ ਸ਼ਾਹੀ ਮਸਜਿਦ ਹੋਵੇ, ਚਾਹੇ ਮੱਕਾ ਸ਼ਰੀਫ ਹੋਵੇ, ਚਾਹੇ ਬਗਦਾਦ ਦੇ ਪੀਰ ਦਸਤਗੀਰ ਦੇ ਚੇਲਿਆਂ ਨਾਲ ਭਰੀ ਮਜਲਸ ਹੋਵੇ। "ਨਾਨਕ ਕਲਿ ਵਿਚਿ ਆਇਆ, ਰਬੁ ਫਕੀਰੁ ਇਕੋ ਪਹਿਚਾਨਾ" ਦਾ ਭਾਵ ਇਹੋ ਸਮਝ ਪੈਂਦਾ ਹੈ ਕਿ ਸਤਿਗੁਰੂ ਜੀ ਰੱਬ ਤੋਂ ਵਰਸਾਏ ਹੋਏ ਸਨ। ਫਕੀਰ ਅਤੇ ਰੱਬ ਵਿਚ ਕੋਈ ਫਰਕ ਨਹੀਂ ਸੀ ਰਹਿ ਗਿਆ। ਇਸ ਲਈ ਉਹ ਮੁਸਲਮਾਨੀ ਇਕੱਠ ਸਤਿਗੁਰਾਂ ਨੂੰ "ਸੰਗ-ਸਾਰ" ਪੱਥਰਾਂ ਨਾਲ ਮਾਰਨ ਦੀ ਬਜਾਏ ਨਮਸਕਾਰਾਂ


www.AKJ.Org

ਕਰਨ ਲਗ ਪਿਆ। ਭਲਾ ਇਹ ਕਿਵੇਂ ਹੋ ਸਕਦੈ ਕਿ ਰੱਬ ਦਾ ਪੈਦਾ ਕੀਤਾ ਹੋਇਆ ਮਨੁਖ, ਰੱਬ ਨੂੰ ਹੀ ਪੱਥਰਾਂ ਨਾਲ ਮਾਰ ਦੇਵੇ।

ਇਸ ਫ਼ਕੀਰ ਵਿਚ ਰੱਬ ਦੀ ਜੋਤਿ ਦਾ ਪ੍ਰਕਾਸ਼ ਸੀ। ਇਸ ਫ਼ਕੀਰ ਦਾ ਕੋਈ ਘਰਾਣਾ ਨਹੀਂ ਸੀ, ਜਿਵੇਂ ਅੱਜ ਕਈ ਡੇਰੇਦਾਰ, ਆਪਣੇ ਆਪ ਨੂੰ ਕਿਸੇ ਸਾਧ, ਸੰਤ, ਪੀਰ ਤੋਂ ਚਲਦੀ ਆ ਰਹੀ ਗੱਦੀ ਦੇ ਮਾਲਕ ਅਖਵਾਉਂਦੇ ਹਨ। ਪੀਰ ਦਸਤਗੀਰ ਦਾ ਇਹ ਸਵਾਲ ਪਰਚਲਤ ਰਿਵਾਜ ਅਨੁਸਾਰ ਤਾਂ ਸਹੀ ਸੀ, ਪਰ ਗੁਰਦੇਵ ਅਕਾਲਪੁਰਖ ਦੇ ਘਰਾਣੇ ਨਾਲ ਸਿਧੇ ਤੋਰ ਤੇ ਜੁੜੇ ਹੋਏ ਸਨ। ਆਪ ਖਾਲਸਾ ਸਨ, ਅਤੇ ਉਸ ਨੇ ਜਿਹੜੀ ਕੌਮ ਉਸਾਰੀ ਉਹ ਭੀ ਖਾਲਸਾ ਅਖਵਾਈ। ਖਾਲਸਾ ਨਾ ਰਾਮ ਦੇ ਘਰਾਣੇ ਨਾਲ ਜੁੜਿਆ ਹੋਇਆ ਹੈ, ਨਾ ਰਹੀਮ ਦੇ ਘਰਾਣੇ ਨਾਲ। ਖਾਲਸੇ ਦਾ ਘਰਾਣਾ ਅਕਾਲਪੁਰਖ ਆਪ ਹੈ।

ਇਸ ਨਜ਼ਰੀਏ ਤੋਂ ਪੜਚੋਲਿਆਂ ਸਤਿਗੁਰ ਨਾਨਕ ਦੇਵ ਜੀ ਸਮੁਚੇ ਜਗਤ ਦੇ ਉਧਾਰ ਲਈ ਸੰਸਾਰ ਉਤੇ ਪਰਗਟ ਹੋਏ। ਇਹ ਸਾਡੀ ਭੁਲ ਹੈ ਕਿ ਮੁੱਠੀ ਭਰ ਸਿੱਖ ਕੌਮ ਨੇ ਸਤਿਗੁਰਾਂ ਨੂੰ ਜੱਫਾ ਮਾਰ ਰਖਿਆ ਹੈ ਤੇ ਦੁਨੀਆ ਦੇ ਲੋਕਾਂ ਨੂੰ ਇਹੋ ਦਸਦੇ ਆ ਰਹੇ ਹਾਂ ਕਿ ਗੁਰੂ ਨਾਨਕ ਕੇਵਲ ਸਿੱਖਾਂ ਦਾ ਗੁਰੂ ਹੈ। ਭਾਈ ਗੁਰਦਾਸ ਜੀ ਦੂਰਦਰਸ਼ੀ ਸਨ ਇਹ ਕਹਿਣ ਵਿਚ :–

ਜ਼ਾਹਰ ਪੀਰੁ ਜਗਤ ਗੁਰ ਬਾਬਾ ॥ (ਵਾਰ ੨੪, ਪਉੜੀ ੪)

ਗੁਰੂ ਨਾਨਕ ਦੇਵ ਜੀ ਸਚਮੁਚ ਸਮੁਚੇ ਸੰਸਾਰ ਦੇ ਲੋਕਾਂ ਲਈ ਰੱਬ ਦਾ ਸੰਦੇਸ਼ ਲਿਆਏ ਅਤੇ ਆਪਣੇ ਸਿੱਖਾਂ ਦੀ ਇਹ ਡਿਊਟੀ ਲਾ ਗਏ ਕਿ ਸਮੂਹ ਜਗਤ ਨਾਲ ਸ਼ਬਦ ਦੀ ਸਾਂਝ ਕਰੋ। ਸਮੂਹ ਮਜ਼ਹਬਾਂ ਦੇ ਲੋਕਾਂ ਨੂੰ ਗੁਰੂ ਬਾਣੀ ਦੇ ਸਿਧਾਂਤ ਤੋਂ ਜਾਣੂ ਕਰਾਓ।

ਆਓ, ਸਤਿਗੁਰੂ ਜੀ ਦੇ ੫੨੦ਵੇਂ ਪ੍ਰਕਾਸ਼ ਦਿਨ ਤੇ ਆਪਣੇ ਫ਼ਰਜ਼ ਦੀ ਪਹਿਚਾਨ ਕਰੀਏ ਤੇ ਜੋਤਿ ਦੇ ਪ੍ਰਕਾਸ਼ ਦੀਆਂ ਰਿਸ਼ਮਾਂ ਨੂੰ ਸੰਸਾਰ ਭਰ ਵਿਚ ਖਲੇਰੀਏ।

**ਪਾਠਕ ਜੀ–** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੇਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।
(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।
(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।
(੪) ਸ਼ਹੀਦੀ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ' ਦੇ ਨਾਂ ਭੇਜੋ, ਹੋਰ ਕਿਸੇ ਨਾਮ ਤੇ ਨਾ ਭੇਜੋ ਜੀ।
(੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ ੧੦ ਚਿਤਰ,੨੭੨ਪੰਨੇ, ਸੁੰਦਰ ਦੱਖ) ੭-੦੦

| | | | |
|---|---|---|---|
| ਧੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | ੦-੮੦ |
| ਖ਼ਾਲਸਾ ਰਹਿਤ ਮਰਯਾਦਾ (ਟਰੈਕਟ) | | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੮੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੫੦ |
| Dawn of Divine Wisdom | 0-75 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੫੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧-੦੦ | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੦੦ |
| ਗੁਰਬਾਣੀ ਰਹਿਤਨਾਮਾ (੬੦ ਪੰਨੇ) | ੧-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | ੧-੦੦ |




www.AKJ.Org

# ਨਾਨਕ ਦੀ ਸਿੱਖੀ

[ਸ: ਉਜਾਗਰ ਸਿੰਘ ਉਲਫਤ]

ਗੁਰੂ ਨਾਨਕ ਦੀ ਸਿਖਿਆ ਦਾ, ਸੰਹੀ ਸ਼ਾਹਕਾਰ ਹੈ ਸਿੱਖੀ।
ਅਨੋਖੇ ਇਸ਼ਕ ਦਾ ਜਲਵਾ, ਅਗੰਮੀ ਪਿਆਰ ਹੈ ਸਿੱਖੀ।
ਇਸ਼ਕ ਬੰਦੇ ਨੂੰ ਬੰਦਿਆਂ ਲਈ, ਇਸੇ ਸਿੱਖੀ ਤੋਂ ਮਿਲਦਾ ਹੈ,
ਜ਼ਮਾਨੇ ਲਈ ਮੁਹੱਬਤ ਦੀ, ਖਿੜੀ ਗੁਲਜ਼ਾਰ ਹੈ ਸਿੱਖੀ।
ਇਥੇ ਨਹੀਂ ਵੇਰਵਾ ਮਾਸਾ, ਕੋਈ ਨੀਵੇਂ ਤੇ ਉੱਚੇ ਦਾ,
ਇਹ ਸਾਂਝੇ ਇਸ਼ਕ ਆਲਮ ਦੀ, ਅਲਮ-ਬਰਦਾਰ ਹੈ ਸਿੱਖੀ।
ਇਸ ਦਾ ਪ੍ਰਸ਼ਾਦ ਵੰਡਿਆ ਸੀ, ਗੁਰੂ ਨਾਨਕ ਨੇ ਦੁਨੀਆ ਤੇ,
ਜ਼ਮਾਨੇ ਦੀ ਇਬਾਦਤ ਦਾ, ਵਿਸ਼ਵ-ਭੰਡਾਰ ਹੈ ਸਿੱਖੀ।
ਪ੍ਰਭੂ-ਅਨਭਵ, ਪ੍ਰਭੂ-ਭਗਤੀ, ਸਦਾ ਏਥੋਂ ਨਿਖਰਦੇ ਨੇ,
ਜਲੰਦੇ ਜਗਤ ਲਈ ਰੱਬ ਦਾ, ਅਸਲ ਆਧਾਰ ਹੈ ਸਿੱਖੀ।
'ਨਾ ਕੋਈ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ',
ਹੁਸਨ ਦਾ ਸਭਸ ਲਈ ਸਾਂਝਾ, ਹੁਸਨ-ਦੀਦਾਰ ਹੈ ਸਿੱਖੀ।
ਇਦ੍ਹੀ ਜ਼ਿੰਦਗੀ ਦਾ ਸੋਮਾ ਹੀ, ਇਕ-ਓਅੰਕਾਰ ਬਣਿਆ ਹੈ,
ਇਕੋ ਹੀ ਨੂਰ ਦਾ ਜਲਵਾ, ਇਹ ਏਕੰਕਾਰ ਹੈ ਸਿੱਖੀ।
ਇਥੋਂ ਹੀ ਦਿਲ ਦੇ ਦਾਮਨ ਚੋਂ, ਅਗੰਮੀ ਪਿਆਰ ਮਿਲਦਾ ਹੈ,
ਇਹੋ ਆਤਮ-ਪਿਆਰਾਂ ਦੀ, ਸ਼ਮ੍ਹਾ-ਬੇਦਾਰ ਹੈ ਸਿੱਖੀ।
ਖ਼ੁਦੀ ਨੂੰ ਮਾਰ ਕੇ ਜੀਣਾ, ਤੇ ਰਾਜ਼ੀ ਬਰ-ਰਜ਼ਾ ਰਹਿਣਾ,
ਇਹੋ ਹੀ ਰੱਬੀ ਰਹਿਮਤ ਦਾ, ਅਮਲ ਕਿਰਦਾਰ ਹੈ ਸਿੱਖੀ।
ਸਿੱਖੀ ਦਾ ਖ਼ੁਸ਼ਨੁਮਾ ਚਿਹਰਾ, ਦਰਸ ਮਹਿਬੂਬ ਹੈ 'ਉਲਫਤ',
ਇਹੋ ਹੀ ਹੱਕ ਦੇ ਘਰ ਦਾ, ਇਸ਼ਕ-ਮੇਆਰ ਹੈ ਸਿੱਖੀ।

["ਉਲਫਤ ਗ਼ਜ਼ਲਾਂ" ਚੋਂ

ਸ਼ਾਹਕਾਰ = ਸਭ ਤੋਂ ਉਚੀ ਕ੍ਰਿਤ। ਅਲਮ-ਬਰਦਾਰ = ਝੰਡਾ ਉੱਚਾ ਕਰਨ ਵਾਲਾ। ਇਬਾਦਤ-ਬੰਦਗੀ। ਕਿਰਦਾਰ = ਕਰਮ, ਅਮਲ। ਮਹਿਬੂਬ = ਪ੍ਰੀਤਮ। ਮੇਆਰ = ਅੰਦਾਜ਼ਾ।


## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਜੇਲ੍ਹ ਚਿਠੀਆਂ (ਨਵੀਂ ਛਾਪ) | ੩੦-੦੦ |
| ਸੰਤ ਪਦ ਨਿਰਣਯ | ੬-੫੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਵਾਹਿਗੁਰੂ ਸਿਮਰਨ | ੦-੫੦ | ਗੁਰਮਤਿ ਬਿਬੇਕ | ੭-੫੦ |
| ਬਾਬਾ ਵੈਦ ਰੋਗੀਆਂ ਦਾ | ੦-੬੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਆਸਤਕ ਤੇ ਨਾਸਤਕ | ੦-੩੫ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਸਿਖੀ ਸਿਦਕ ਤੇ ਧਰਮ ਰੱਖਿਆ (ਕਾਵਿ) | ੦-੬੦ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਨਿਰਬਾਣ ਕੀਰਤਨੀ ਸਿੰਘਾਂ ਦੀ ਦਾਸਤਾਨ | ੧-੦੦ | ਤਿਮਰ ਅਗਿਆਨ ਤੋਂ ਉਜਿਆਰਾ | ੦-੩੦ |


www.AKJ.Org

# ਧਰਮ ਦੇ ਵਾਰਸੋ ! ਸਮਝੋ!!

"ਧਰਮ ਸਿਆਸਤ ਇਕ" ਦੇ ਪੜਦੇ ਵਿਚ ਅਜੋ ਸਿਖ ਸਿਆਸੀ ਆਗੂਆਂ ਨੇ ਰਜ ਕੇ ਖੇਹ ਉਡਾਈ ਹੈ, ਜਿਸ ਦੇ ਫਲ-ਸਰੂਪ ਕੌਮ ਦੀ ਬੜੀ ਨਮੋਸ਼ੀ ਹੋਈ ਹੈ। ਧਾਰਮਿਕ ਆਗੂਆਂ ਤੋਂ ਆਸ ਸੀ ਕਿ ਉਹ ਕੌਮ ਦੇ ਵਿਹੜੇ ਵਿਚ ਖਲੇਰੇ ਗਏ ਕੂੜਾ-ਕਰਕਟ ਨੂੰ ਹੂੰਝ ਕੇ ਸਾਫ ਕਰਨਗੇ। ਪਰ ਅਫਸੋਸ ਦੀ ਗੱਲ ਹੈ ਕਿ ਧਾਰਮਿਕ ਆਗੂ ਵੀ ਉਸੇ ਕੁਚੱਜੇ ਰਾਹੇ ਪੈ ਗਏ ਜਾਪਦੇ ਹਨ।

ਪ੍ਰਚਲਤ ਸਿਆਸਤ ਨਿਰੀ ਕੁਟਿਲਤਾ ਹੈ, ਜਿਸ ਵਿਚ ਪਰਸਪਰ ਬੇਵਿਸਾਹੀ, ਖ਼ੁਦਗਰਜ਼ੀ ਅਤੇ ਹਉਮੈਂ ਹੰਕਾਰ ਦਾ ਬੋਲ-ਬਾਲਾ ਹੈ। ਸਿਖ ਸਿਆਸਤ ਵੀ ਇਨ੍ਹਾਂ ਮਾਰੂ ਔਗੁਣਾਂ ਤੋਂ ਬਚੀ ਨਹੀਂ ਰਹੀ। ਜੇ ਗੁਸਤਾਖ਼ੀ ਨਾ ਸਮਝੀ ਜਾਏ ਤਾਂ ਸੱਚ ਇਹ ਹੈ ਕਿ ਸਿਖ ਸਿਆਸਤ ਉਤੇ ਕੋਈ ਕੁੰਡਾ ਨਾ ਹੋਣ ਕਾਰਨ, ਇਸ ਵਿਚ ਉਪ੍ਰੋਕਤ ਔਗੁਣ ਬਾਕੀ ਸਿਆਸੀ ਪਾਰਟੀਆਂ ਨਾਲੋਂ ਕੁਝ ਵਾਧੂ ਹੀ ਹਨ। ਸਿਖ ਸਿਆਸਤਦਾਨ ਆਪਣੀਆਂ ਕੁਟਲ ਨੀਤੀਆਂ ਨੂੰ ਛੁਪਾਉਣ ਲਈ ਧਰਮ ਦੀ ਓਟ ਲੈਂਦੇ ਰਹਿੰਦੇ ਹਨ। ਏਸ ਤਰ੍ਹਾਂ ਉਹ ਧਰਮ ਅਤੇ ਧਾਰਮਕ ਆਗੂਆਂ ਨੂੰ ਆਪਣੇ ਹਿਤਾਂ ਲਈ ਵਰਤਦੇ ਰਹਿੰਦੇ ਹਨ। ਇਸ ਦੇ ਫਲ-ਸਰੂਪ ਧਰਮ ਦੀ ਹਾਨੀ ਤੇ ਨਮੋਸ਼ੀ ਹੋਈ ਹੈ, ਅਤੇ ਇਸ ਦੇ ਨਾਲ ਧਾਰਮਿਕ ਆਗੂਆਂ ਦਾ ਵੀ ਕਣ ਮਾਰਿਆ ਗਿਆ ਹੈ, ਤੇ ਉਨ੍ਹਾਂ ਨੂੰ ਵੀ ਸਿਆਸਤ ਦੀ ਪਾਹ ਚੜ੍ਹ ਗਈ ਹੈ।

ਪਿਛਲੇ ਕੁਝ ਚਿਰ ਤੋਂ ਸਿਆਸਤ ਦੇ ਭੁਸ ਕਾਰਨ, ਕੁਝ ਧਾਰਮਿਕ ਆਗੂ ਆਪਣੀ ਠੁੱਕ ਬਣਾਉਣ ਲਈ, ਪ੍ਰਮਾਣੀਕ ਧਾਰਮਿਕ ਸਿਧਾਂਤਾਂ ਦੀ ਰੂਪ-ਰੇਖਾ ਵਿਗਾੜਨ ਤੇ ਉਤਰ ਆਏ ਹਨ।

'ਨੀਲਾ ਤਾਰਾ ਉਪ੍ਰੇਸ਼ਨ' ਤੋਂ ਮਗਰੋਂ ਸਰਕਾਰ ਨੇ ਆਪਣੇ ਪਿਠੂ ਸੰਤਾ ਸਿੰਘ ਨਿਹੰਗ ਦੁਆਰਾ ਅਖੌਤੀ 'ਸਰਬੱਤ ਖਾਲਸਾ' ਸਮਾਗਮ ਕਰਵਾ ਕੇ, ਇਸ ਪੁਰਾਤਨ ਮਹੱਤਵ-ਪੂਰਨ ਸਿਖ ਰਵਾਇਤ ਨੂੰ ਵਿਗਾੜਨ ਦੀ ਕੁਟਲ ਚਾਲ ਚਲੀ। ਇਸ ਕੁਟਲ ਚਾਲ ਨੂੰ ਸਮਝਣ ਦੀ ਬਜਾਏ, ਅਸੀਂ ਆਪ ਹੀ ਇਸ ਪਾਵਨ ਰਵਾਇਤ ਨੂੰ ਵਿਗਾੜਨ ਵਿਚ ਭਾਈਵਾਲ ਹੋ ਬੈਠੇ ਹਾਂ ਅਤੇ 'ਸਰਬੱਤ ਖਾਲਸਾ ਸੰਮੇਲਨ' ਨੂੰ ਮਖੌਲ ਜਿਹਾ ਬਣਾ ਕਢਿਆ ਹੈ। ਚਿੰਤਾ-ਜਨਕ ਗੱਲ ਇਹ ਹੈ ਕਿ ਏਨੀ ਚਰਚਾ ਹੋਣ ਦੇ ਬਾਵਜੂਦ ਕੁਝ ਖ਼ੁਦ-ਸਾਖਤਾ ਅਤੇ ਗਰਜ਼-ਗ੍ਰਸਤ ਧਾਰਮਿਕ ਵਿਅਕਤੀ 'ਸਰਬੱਤ ਖਾਲਸਾ ਸੰਮੇਲਨ' ਫਿਰ ਕਰਨ ਦੀ ਅੜੀ ਫੜੀ ਬੈਠੇ ਹਨ।

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਨਵਾਬੀਆਂ ਨੂੰ ਠੁਡੇ ਮਾਰਨ ਵਾਲੇ ਕੁਰਬਾਨੀ ਦੇ ਪੁੰਜ ਸੂਰਬੀਰਾਂ ਦੇ ਵਾਰਸ, ਅੱਜ ਜਥੇਦਾਰੀਆਂ ਪਿਛੇ ਆਪਸ ਵਿਚ ਉਲਝ ਰਹੇ ਹਨ, ਤੇ ਇੰਜ ਜਾਣੇ ਅਣਜਾਣੇ ਅਸੀਂ ਖ਼ਾਲਸਾ ਇਤਿਹਾਸ ਅਤੇ ਰਵਾਇਤ ਨੂੰ ਆਪਣੀ ਕਰਮ-ਕਰਤੂਤ ਦੁਆਰਾ ਝੁਠਲਾਉਣ ਦੇ ਭਾਗੀ ਬਣ ਰਹੇ ਹਾਂ।

ਇਸ ਬਿਮਾਰੀਦਾ ਇਕ ਕਾਰਨ ਇਹ ਵੀ ਹੈ ਕਿ ਧਾਰਮਿਕ ਉਚ ਪਦਵੀਆਂ ਲਈ ਨਿਯੁਕਤੀਆਂ ਯੋਗਤਾ ਦੇ ਅਧਾਰ ਤੇ ਨਹੀਂ, ਸਗੋਂ ਸਿਫਾਰਸ਼ ਜਾਂ ਡੰਡੇ ਦੇ ਜ਼ੋਰ ਅਧੀਨ ਕੀਤੀਆਂ ਜਾਂਦੀਆਂ ਰਹੀਆਂ ਹਨ। ਸ਼੍ਰੋਮਣੀ ਗੁ: ਪ੍ਰ: ਕਮੇਟੀ ਭਾਵੇਂ ਧਾਰਮਿਕ ਸੰਸਥਾ ਹੈ, ਪਰ ਇਸ ਉਤੇ ਕੁੰਡਾ ਸਿਆਸੀ ਵਿਅਕਤੀਆਂ ਦਾ ਹੋਣ ਕਾਰਨ, ਇਸ ਦੇ ਨਿਰਣੇ ਸਿਆਸਤ ਪ੍ਰਭਾਵੀ ਹੋਣੇ ਕੁਦਰਤੀ ਗੱਲ ਹੈ।

ਇਕ ਗੱਲ ਸਾਡੇ ਸਾਰਿਆਂ ਦੇ ਸਮਝ ਲੈਣ ਜੋਗ ਹੈ ਕਿ ਸਰਕਾਰੀ ਏਜੰਟ ਸਾਰੀਆਂ ਸਿਖ ਜਥੇਬੰਦੀਆਂ ਅੰਦਰ, ਸਿੱਖੀ ਸਰੂਪ ਵਿਚ, ਘੁਸਰ ਗਏ ਹਨ। ਉਹ ਬਾਹਰੋਂ ਬਾਹਰੋਂ ਸਿੱਖੀ ਅਤੇ ਸਿੱਖਾਂ ਨਾਲ ਵਾਧੂ ਹੇਜ ਪ੍ਰਗਟ ਕਰਦੇ ਹਨ, ਪਰ ਅੰਦਰੋ ਅੰਦਰੀ ਸਾਡੇ ਆਗੂਆਂ ਨੂੰ ਪੁਠੀ ਪਟੀ ਪੜ੍ਹਾ ਕੇ ਗੁਮਰਾਹ ਕਰਨ ਅਤੇ ਪਟੜੀਓਂ ਲਾਹੁਣ ਵਿਚ ਸਰਗਰਮ ਹਨ। ਅਸੀਂ ਇੰਨੇ ਅਕਲ ਦੇ ਧਨੀ ਹਾਂ ਕਿ ਓਹਨਾਂ ਦੇ ਬਹਿਕਾਏ ਹੋਏ ਇਕ ਦੂਜੇ ਦੀ ਪੱਗ ਲਾਹੀ ਜਾ ਰਹੇ ਹਾਂ ਅਤੇ ਸੰਸਾਰ ਨੂੰ ਅਜਾਈਂ ਤਮਾਸ਼ਾ ਵਿਖਾਈ ਜਾ ਰਹੇ ਹਾਂ। ਇਸ ਤਰ੍ਹਾਂ ਆਪਸ ਵਿਚ ਫਟੇ ਹੋਏ, ਅਸੀਂ ਚਲਾਕ ਦੁਰਜਨ ਦਾ ਟਾਕਰਾ ਕਿਵੇਂ ਕਰ ਸਕਦੇ ਹਾਂ! ਜੇ ਅਸੀਂ ਨਾ ਸਮਝੇ ਤਾਂ ਕੁਟ


www.AKJ.Org

ਖਾਂਦੇ ਰਹਾਂਗੇ, ਸਿਖ ਜਵਾਨੀ ਦਾ ਭੋਗ ਪੈ ਜਾਵੇਗਾ।

ਇਕੱਲੇ ਇਕੱਲੇ ਆਪਣੇ ਆਪ ਨੂੰ ਧਰਮ ਦੇ ਠੇਕੇਦਾਰ ਜਾਣ ਕੇ, ਦੂਜਿਆਂ ਉਤੇ ਆਪਣੇ ਮਨ-ਮਾਨੇ ਨਿਰਣੇ ਠੋਸਣ ਦੀ ਥਾਵੇਂ ਮਿਲ ਬੈਠ ਕੇ, ਵਿਚਾਰ-ਵਟਾਂਦਰਾ ਕਰ ਕੇ, ਸਾਂਝੇ ਗੁਰਮਤੇ ਕਰ ਕੇ ਹੀ ਇਸ ਉਲਝਣ ਵਿਚੋਂ ਨਿਕਲਿਆ ਜਾ ਸਕਦਾ ਹੈ। ਹੋਰ ਕੋਈ ਰਾਹ ਨਹੀਂ, ਅਜ ਵੀ ਅਤੇ ਅਗੋਂ ਵੀ।

ਅਸੀਂ ਕਿਉਂ ਨਹੀਂ ਸੋਚਦੇ ਕਿ ਅਸੀਂ ਪੰਥ-ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਔਲਾਦ ਹਾਂ। ਪਿਤਾ ਦੀ ਪ੍ਰਸੰਨਤਾ ਅਤੇ ਕਿਰਪਾ ਤਾਂ ਹੀ ਪ੍ਰਾਪਤ ਹੋ ਸਕਦੀ ਹੈ ਜੇ ਆਪਸੀ ਮਤ-ਭੇਦ ਲਾਂਭੇ ਰਖ ਕੇ ਪਰਸਪਰ ਸਾਂਝ ਬਣਾਈ ਰਖੀਏ, ਅਤੇ ਆਪਣੇ ਮਤ-ਭੇਦ ਗੁਰਮਤਿ ਦੀ ਰੋਸ਼ਨੀ ਵਿਚ ਅਤੇ ਪਿਤਾ-ਸਤਿਗੁਰੂ ਦੀ ਭੈ-ਭਾਵਨੀ ਵਿਚ ਦੂਰ ਕਰਨ ਲਈ ਸੁਹਿਰਦਤਾ ਦਾ ਰਾਹ ਅਪਣਾਈਏ, ਨਾ ਕਿ ਡੰਡੇ ਦਾ।

---

# ਸੱਚੀ ਪਾਲਿਟੈਕਸ

ਇਹ ਗੱਲ ਆਖਣੀ ਕਿ ਰਾਜ ਜਾਂ ਰਾਜਸੀ ਪਾਲਿਟੈਕਸ ਦਾ ਗੁਰਮਤਿ ਧਰਮ ਦੇ ਪ੍ਰਮਾਰਥੀਆਂ ਨਾਲ ਕੋਈ ਵਾਸਤਾ ਨਹੀਂ, ਇਹ ਗੁਰਮਤਿ ਧਰਮ ਤੋਂ ਘੁਥੇ ਹੋਏ, ਅਉਝੜ ਪਏ ਹੋਏ ਪਾਲਿਟੀਸ਼ਨਾਂ ਦੀ ਫ਼ੈਲਿਸੀ (Fallacy) ਭਰੀ (logic) ਹੈ। ਜੇ ਤਾਂ ਪਾਲਿਟੈਕਸ ਦਾ ਅਰਥ ਨਿਰੀ ਪਾਲਿਸੀ ਅਤੇ ਡਿਮਲੋਮੇਸੀ ਹੈ, ਤਦ ਤਾਂ ਸਚਮੁਚ ਐਸੀ ਪਾਲਿਟੈਕਸ ਨਾਲ ਗੁਰਮਤਿ ਧਰਮ ਪ੍ਰਮਾਰਥ ਦਾ ਕੋਈ ਸੰਬੰਧ ਨਹੀਂ।

ਪ੍ਰੰਤੂ ਤੱਤ ਰਾਜ ਵਿਥਾਰਨ-ਮਈ ਸੱਚੀ ਪਾਲਿਟੈਕਸ ਕੇਵਲ ਧਰਮ ਪ੍ਰਮਾਰਥ ਦੇ ਧੁਰਵੇ ਤੋਂ ਹੀ ਉਪਜਦੀ ਹੈ। ਸੰਸਾਰ ਭਰ ਦੇ ਰਾਜਾਂ ਵਿਚੋਂ ਕਾਮਯਾਬ ਕੇਵਲ ਧਰਮ ਦਾ ਰਾਜ ਹੀ ਹੈ। ਪਰੰਤੂ ਸਾਫ਼ ਵੇਖਣ ਵਿਚ ਆਉਂਦਾ ਹੈ ਕਿ ਕਿਸੇ ਭੀ ਪ੍ਰਮਾਰਥੋਂ ਸਖਣੇ ਰਾਜ ਵਿਚ ਧਰਮ ਉੱਕਾ ਹੀ ਨਹੀਂ ਰਿਹਾ। ਗੁਰਮਤਿ ਧਰਮ ਅੰਦਰ ਰਾਜਗੀਰੀ ਦੀ ਹਵਸ ਦਾ ਨਾਮ-ਨਿਸ਼ਾਨ ਨਹੀਂ। ਹਾਂ ਰਾਜ-ਗਰਦੀ ਨੂੰ ਪ੍ਰਬੋਧਣਾ ਅਤੇ ਅਧਰਮੀਆਂ ਉਪਦ੍ਰਵੀਆਂ ਨੂੰ ਸੋਧਣਾ, ਅਤੇ ਇਮ ਸੋਧ-ਪ੍ਰਬੋਧ ਕੇ ਧਰਮੀ ਰਾਜ ਵਿਥਾਰਨਾ, ਪੂਰਨ ਪ੍ਰਮਾਰਥੀ ਗੁਰਮਤਿ ਹੈ। ਪ੍ਰਮਾਰਥੀ ਆਤਮ ਔਜ ਦੇ ਧਰਮ ਅਰੂੜਤ ਸੱਚੇ ਨਿਸ਼ਕਾਮ ਪਰਉਪਕਾਰੀ ਜਨਾਂ ਅੰਦਰ ਹੀ ਸੱਚੀ ਸਪਿਰਟ ਹੈ ਕਿ ਧਰਮ ਅਨਿਆਉਂ ਦੀ ਜੜ੍ਹ ਉਖਾੜ ਕੇ, ਜਾਨਾਂ ਹੂਲ ਹੂਲ ਕੇ ਸੱਚੀ ਅਮਨ-ਸ਼ਾਂਤੀ ਦੇਸ਼ ਅੰਦਰ ਵਰਤਾਈ ਜਾਵੇ। ਦੇਸ਼-ਦਰਦੀਆਂ ਦੀ ਜਮਾਤ ਓਹੀ ਹੋ ਸਕਦੀ ਹੈ ਜਿਸ ਦੇ ਹਰ ਫ਼ਰਦੇ-ਬਸ਼ਰ ਅੰਦਰ ਸੱਚੀ ਪਰਸੁਆਰਥੀ ਅਤੇ ਸੱਚੀ ਪਰਉਪਕਾਰੀ ਸਪਿਰਟ ਵਾਲਾ ਦਰਦ ਹੋਵੇ। ਅਤੇ ਇਹ ਸਪਿਰਟ ਉਪਜਦੀ ਹੈ ਤਾਂ ਕੇਵਲ ਆਤਮ-ਔਜੀ ਸੱਚੇ ਸੁੱਚੇ ਪ੍ਰਮਾਰਥੀ ਜੀਵਨ ਵਾਲੇ ਵਿਅਕਤੀਆਂ ਵਿਚ ਉਪਜਦੀ ਹੈ। ਪ੍ਰਮਾਰਥੀ ਪਰਉਖਕਾਰ ਪਿੜ ਵਿਚ ਕੇਵਲ ਨਿਸ਼ਕਾਮ ਆਤਮ-ਔਜ ਵਾਲੇ ਪਰਮਾਤਮਾ ਨਾਲ ਜੁੜੇ ਹੋਏ ਜੀਉੜੇ ਹੀ ਜੂਝਦੇ ਹਨ।

[ਭਾ: ਸਾ: ਰਣਧੀਰ ਸਿੰਘ ਜੀ ਦੇ ਪ੍ਰਧਾਨਗੀ ਐਡਰੈਸ ਵਿਚੋਂ

---


ਜੀਵਨ-ਚਰਿਤਰ ਭਾ: ਸਾ: ਰਣਧੀਰ ਸਿੰਘ ਜੀ

੧. ਇਸ ਪੁਸਤਕ ਵਿਚ ਭਾਈ ਸਾਹਿਬ ਦਾ ਪੂਰਨ ਜੀਵਨ ਅਤੇ ਜੇਲ੍ਹਾਂ ਦੇ ਭਿਆਨਕ ਕਸ਼ਟਾਂ ਦੇ ਸਮਾਚਾਰ ਦਿਤੇ ਹੋਏ ਹਨ।
੨. ਕੀਰਤਨ-ਸਮਾਗਮਾਂ ਵਿਚ ਵਰਤਦੇ ਅਨੂਪਮ ਰੰਗਾਂ ਦੇ ਝਲਕਾਰੇ ਦਰਸਾਉਣ ਦੇ ਜਤਨ ਕੀਤੇ ਗਏ ਹਨ।
੩. ਭਾਈ ਸਾਹਿਬ ਦੇ ਨਿਕਟਵਰਤੀਆਂ ਤੇ ਪ੍ਰੀਤਵਾਨਾਂ ਦੇ ਪ੍ਰੀਤ-ਪਿਆਰ ਭਰੇ ਕਈ ਸਮਾਚਾਰ ਵੀ ਪੁਸਤਕ ਦਾ ਸ਼ਿੰਗਾਰ ਬਣੇ ਹਨ।
੪. ਅੰਤ ਵਿਚ ਤੱਤ ਗੁਰਮਤੀ ਕੀਮਤਾਂ-ਕਦਰਾਂ ਨੂੰ ਉਜਾਗਰ ਕਰਨ ਵਾਲੇ ਚਾਰ ਦੁਰਲਭ ਟਰੈਕਟ ਦਿਤੇ ਗਏ ਹਨ।

ਕਈ ਵਾਧਿਆਂ ਸਮੇਤ ੧੦ ਚਿਤਰ, ਪੰਨੇ ੨੭੨, ਸੁੰਦਰ ਦੱਖ, ਭੇਟਾ ਕੇਵਲ ਸਤ ਰੁਪਏ





www.AKJ.Org

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ ਤੇ ਲੋਕਲ ਪ੍ਰੋਗਰਾਮ

(1) 3-12-88 ਸ਼ਨੀਵਾਰ ਰਾਤ ਰੈਣ ਸਬਾਈ—ਗੁਰਦਵਾਰਾ ਗੁਰੂ ਨਾਨਕ ਪ੍ਰਕਾਸ਼, ਹਰਨਲ ਲੇਨ, ਕੋਵੈਂਟਰੀ ਯੂ.ਕੇ. ਗੁਰਦਵਾਰਾ ਫ਼ੋਨ 0203-220960, ਵਧੇਰੇ ਜਾਣਕਾਰੀ ਲਈ ਭਾ: ਮਹਿੰਦਰ ਸਿੰਘ 0203-665293.

(2) 20.11.88 ਸਵੇਰੇ ਸਹਿਜਪਾਠ ਦੇ ਭੋਗ ਉਪਰੰਤ ਕੀਰਤਨ—ਭਾ: ਜਸਵੰਤ ਸਿੰਘ ਭੱਟੀ,107—ਐਡਿੰਗਟਨ ਰੋਡ, ਰੈਡਿੰਗ, ਬਰਕਸ, ਫ਼ੋਨ 0734-662667

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

| | | | |
|---|---|---|---|
| ਸ: ਅਜੀਤ ਸਿੰਘ, ਬਰਮਿੰਘਮ ਯੂ. ਕੇ. | ੨੬੦੫-੧੦ | ਸ: ਰਣਜੀਤ ਸਿੰਘ, ਯੂ. ਪੀ. | ੧੦੦-੦੦ |
| ਸ: ਗੁਰਦਿਆਲ ਸਿੰਘ, ਅੰਮ੍ਰਿਤਸਰ | ੫੦-੦੦ | ਗੁਪਤ ... ... ... | ੧੦੦-੦੦ |
| ਸਾਧ ਸੰਗਤ ਕੋਪਨ ਹੈਗਨ, ਡੈਨਮਾਰਕ | ੧੬੦੦-੦੦ | ਗੁਪਤ ... ... ... | ੫੦-੦੦ |
| ਬੀਬੀ ਹਰਭਜਨ ਕੌਰ ਕੋਵੈਂਟਰੀ ਯੂ. ਕੇ. | ੨੮੦-੦੦ | ਭਾਈ ਤੀਰਥ ਸਿੰਘ, ਦਿਲੀ | ੧੦੦੦-੦੦ |
| ਬੀਬੀ ਦਰਸ਼ਨ ਕੌਰ, ਸਲੋਅ ,, | ੧੯੬-੦੦ | ਸ: ਦਲੀਪ ਸਿੰਘ, ਨਵੀਂ ਦਿਲੀ | ੧੦੧-੦੦ |
| ਬੀਬੀ ਕਮਲਜੀਤ ਕੌਰ ਸਲੋਅ ,, | ੫੬੦-੦੦ | ਸ: ਗੁਰਦੀਪ ਸਿੰਘ | ੩੦੦-੦੦ |
| ਸੰਗਤ ਸ੍ਰੀ ਗੁਰੂ ਸਿੰਘ ਸਭਾ ਗਲਾਸਗੋ ਸਕਾਟਲੈਂਡ | ੩੯੨੦-੦੦ | ਸ: ਰਜਿੰਦਰ ਸਿੰਘ, ਬਰੇਲੀ | ੫੦੦੦-੦੦ |
| ਬੀਬੀ ਗੋਪਾਲ ਕੌਰ, ਸਲੋਅ, ਯੂ. ਕੇ. | ੨੮੦-੦੦ | ਸ: ਅਤਰ ਸਿੰਘ, ਪਟੇਲ ਨਗਰ, ਨਵੀਂ ਦਿਲੀ | ੨੫੧-੦੦ |
| ਸ: ਕੇਹਰ ਸਿੰਘ, ਸੰਤ ਨਗਰ, ਜਗਰਾਉਂ | ੧੦੦-੦੦ | ਬੀਬੀ ਬਸੰਤ ਕੌਰ, ਆਗਰਾ | ੨੧-੦੦ |
| ਸ: ਰੇਸ਼ਮ ਸਿੰਘ ਕੁਲਵੰਤ ਕੌਰ, ਚੰਡੀਗੜ੍ਹ | ੧੦੦-੦੦ | ਸ: ਤੇਜਿੰਦਰਪਾਲ ਸਿੰਘ, ਨਵੀਂ ਦਿਲੀ | ੧੦੧-੦੦ |
| ਸ: ਕੁਲਦੀਪ ਸਿੰਘ, ਚੰਡੀਗੜ੍ਹ | ੧੦੦-੦੦ | ਬੀਬੀ ਤ੍ਰਿਪਤ ਕੌਰ, ਪਾਨੀਪਤ | ੨੦੦-੦੦ |
| ਸ: ਪ੍ਰੇਮ ਸਿੰਘ, ਚੰਡੀਗੜ੍ਹ | ੪੦੦-੦੦ | ਗੁਪਤ ... ... ... | ੫੦੦-੦੦ |
| ਸ: ਮਹੇਸ਼ਇੰਦਰ ਸਿੰਘ ਗਰੇਵਾਲ, ਕੈਨੇਡਾ | ੯੫੦-੦੦ | ਭਾਈ ਗੁਰਬਚਨ ਸਿੰਘ | ੧੧੦੦-੦੦ |
| ਗੁਪਤ ਸਿੰਘ ਜੀ | ੩੦੦-੦੦ | ਗਿ:ਗੁਰਬਚਨ ਸਿੰਘ ਜੀ ਹੈੱਡ ਗ੍ਰੰਥੀ ਸੀਸ ਗੰਜ ਸਾਹਿਬ ਹੜ੍ਹ-ਪੀੜਤਾਂ ਦੇ ਕਬਲਾਂ ਲਈ | ੫੦੦-੦੦ |
| ਸ: ਸੁਰਿੰਦਰ ਸਿੰਘ D.O., ਪੂਨਾ | ੪੯੨-੦੦ | ਬੀਬੀ ਪ੍ਰਕਾਸ਼ ਕੌਰ ਹੜ੍ਹ-ਪੀੜਤਾਂ ਲਈ | ੨੦੦-੦੦ |
| ਸ: ਜੋਗਾ ਸਿੰਘ, ਐਡਮੰਟਨ, ਅਲਟਾ, ਕੈਨੇਡਾ | ੭੪੨-੦੦ | ਸ: ਮਨਜੀਤ ਸਿੰਘ ਟੀ. ਵੀ. ਫ਼ੈਕਟਰੀ ਸਾਹਨੇਵਾਲ | ੫੦-੦੦ |
| ਗੁਪਤ ਰਾਹੀਂ ਭਾਈ ਸਤਨਾਮ ਸਿੰਘ | ੫੦-੦੦ | ਭਾ: ਬਲਵਿੰਦਰ ਸਿੰਘ ਅੰਮ੍ਰਿਤਸਰ(ਸਮਾਗਮ ਚੜ੍ਹਾਵਾ) | ੧੫੬-੨੦ |
| ਸ: ਅਵਤਾਰ ਸਿੰਘ, ਛੇਹਰਟਾ | ੨੦੦-੦੦ | ਸ: ਚਰਨਜੀਤ ਸਿੰਘ, ਗੁ: ਲਾਲ ਟੇਕਰੀ, ਭੁਜ ਕਛ | ੫੧-੦੦ |
| ਬੀਬੀ ਚਰਨ ਕੌਰ, ਪਟਿਆਲਾ | ੧੦੦-੦੦ | ਇੰਟਰਨੈਸ਼ਨਲ ਸਿਖ ਵੈਲਫ਼ੇਅਰ ਸੁਸਾਇਟੀ ਯੂ.ਕੇ. | ੧੫੪੦੦-੦੦ |
| ਸ: ਹਰਭਜਨ ਸਿੰਘ, ਚਿਲੀ | ੫੦੦-੦੦ | ਗੁਪਤ ... ... ... | ੫੦-੦੦ |
| ਗੁਪਤ ... ... ... | ੫੦-੦੦ | ਸ: ਪ੍ਰਦੁੰਮਨ ਸਿੰਘ,ਸ਼ਿਵ ਨਗਰ ਜਲੰਧਰ (ਗੋਲਕ ਚੋਂ) | ੧੦੦-੦੦ |
| ਭਾਈ ਮੁਨਿੰਦਰ ਸਿੰਘ | ੩੦੦-੦੦ | | |
| ਸ: ਪਰਮਜੀਤ ਸਿੰਘ | ੧੦੦-੦੦ | | |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

ਜਿਨ੍ਹਾਂ ਦੇ ਪਰਵਾਰਾਂ ਦੇ ਕਮਾਊ ਮੈਂਬਰ ਮਾਰੇ ਗਏ ਹਨ ਜਾਂ 'ਨੀਲਾ ਤਾਰਾ' ਉਪਰੇਸ਼ਨ ਸਮੇਂ ਲਾ-ਪਤਾ ਹਨ, ਜਾਂ ਕੈਦ ਵਿਚ ਹਨ, ਉਨ੍ਹਾਂ ਦੀਆਂ ਪ੍ਰਵਾਰਕ ਲੋੜਾਂ ਅਤੇ ਬੱਚਿਆਂ ਦੀ ਪੜ੍ਹਾਈ ਆਦਿ ਲਈ ਹੇਠ ਲਿਖੀ ਮਦਦ ਦਿਤੀ ਗਈ:

| | |
|---|---|
| ਬੀ: ਰਣਜੀਤ ਕੌਰ ਪਤਨੀ ਭਾ: ਜਸਵੰਤ ਸਿੰਘ, ਕਾਲਾ ਬਾਲਾ ਗੁਰਦਾਸਪੁਰ (ਜੇਲ੍ਹ ਦੌਰਾਨ ਘਰੋਗੀ ਹਾਲਤ ਖਸਤਾ) | ੫੦੦੦-੦੦ |
| ਬੀ: ਜੋਗਿੰਦਰ ਕੌਰ ਪਤਨੀ ਭਾ ਸੁਰਜੀਤ ਸਿੰਘ, ਗਘੌਮਾਜਰਾ, ਪਟਿਆਲਾ (ਗ੍ਰਿਫ਼ਤਾਰੀ ਦੌਰਾਨ ਘਰੋਗੀ ਹਾਲਤ ਖਸਤਾ) | ੫੦੦੦-੦੦ |
| ਬੀ: ਸੁਖਦੇਵ ਕੌਰ ਪਤਨੀ ਸ: ਸੁਖਮੰਦਰ ਸਿੰਘ ਡਾਗੋ ਰੋਮਾਣਾ, ਫ਼ਰੀਦਕੋਟ (ਪਤੀ ਜੇਲ੍ਹ, ਪੜ੍ਹਾਈ ਤੇ ਪ੍ਰਵਾਰਕ ਲੋੜਾਂ) | ੫੦੦੦-੦੦ |
| ਬੀ: ਹਰਜਿੰਦਰ ਕੌਰ, ਪੰਡੋਰੀ ਜਮਾਲੇ ਕੀ ਕਪੂਰਥਲਾ (ਪਤੀ ਜੇਲ੍ਹ, ਬੱਚਿਆਂ ਦੀ ਪੜ੍ਹਾਈ ਤੇ ਘਰੋਗੀ ਲੋੜਾਂ) | ੫੦੦੦-੦੦ |
| ਬੀ: ਹਰਬੰਸ ਕੌਰ, ਗੁਰਾਇਆਂ (ਪਤੀ ਜੇਲ੍ਹ, ਬੱਚਿਆਂ ਦੀ ਪੜ੍ਹਾਈ ਤੇ ਘਰੋਗੀ ਖਰਚੇ ਲਈ) | ੫੦੦੦-੦੦ |
| ਬੀ: ਨਰਿੰਦਰ ਕੌਰ ਪੁਤਰੀ ਭਾ:ਜਗੀਰ ਸਿੰਘ,ਮੁਰਾਦਪੁਰਾ ਨਿਕੀ ਮੱਖੀ ਅੰਮ੍ਰਿਤਸਰ(ਪਤੀ ਜੇਲ੍ਹ,ਬੱਚੇ ਛੋਟੇ,ਗੁਜ਼ਾਰਾ ਔਖਾ) | ੫੦੦੦-੦੦ |
| ਬੀ: ਹਰਦੇਵ ਕੌਰ ਪਤਨੀ ਭਾ: ਬਲਦੇਵ ਸਿੰਘ, ਤੁੰਗ ਅੰਮ੍ਰਿਤਸਰ (ਪਤੀ ਜੇਲ੍ਹ ਕੇਸ ਦੀ ਪੈਰਵੀ ਤੇ ਗੁਜ਼ਾਰੇ ਲਈ) | ੫੦੦੦-੦੦ |
| ਬੀ: ਮਹਿੰਦਰ ਕੌਰ ਪੁਤਰੀ ਭਾ: ਕਰਮ ਸਿੰਘ, ਡੁਗਰੀ ਅੰਮ੍ਰਿਤਸਰ (ਪਤੀ ਲਾ-ਪਤਾ, ਤਿੰਨ ਬੱਚੇ, ਗੁਜ਼ਾਰਾ ਮੁਸ਼ਕਲ) | ੪੦੦੦-੦੦ |
| ਮਾਸਕ ਸਹਾਇਤਾ ਪੰਜ ਪੀੜਤ ਪਰਵਾਰਾਂ ਨੂੰ (ਬੈਂਕ ਰਾਹੀਂ) | ੧੫੦੦-੦੦ |
| ,, ,, ਦੋ ਸੋ ਰੁਪਏ ਮਹੀਨਾ——ਛੇ ਧਰਮੀ ਫ਼ੌਜੀ ਪਰਵਾਰਾਂ ਨੂੰ (ਬੈਂਕ ਰਾਹੀਂ) | ੧੨੦੦-੦੦ |
| ,, ,, (ਦੋ ਸੋ ਰੁਪਏ ਮਹੀਨਾ) ਪੰਜ ਧਰਮੀ ਫ਼ੌਜੀ ਪਰਵਾਰਾਂ ਨੂੰ (ਬੈਂਕ ਰਾਹੀਂ) | ੧੦੦੦-੦੦ |

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ ਕੇਂਦਰੀ ਦਫ਼ਤਰ

www.AKJ.Org

# ਗੁਰੂ ਨਾਨਕ ਪ੍ਰਕਾਸ਼ ਉਤਸ਼ਵ ਕੀਰਤਨ ਸਮਾਗਮ ਜਲੰਧਰ ਵਿਖੇ

## ੨੧ ਨਵੰਬਰ ਸੋਮਵਾਰ ਸਵੇਰ ਤੋਂ ੨੪ ਨਵੰਬਰ ੧੯੮੮ ਵੀਰਵਾਰ ਸਵੇਰ ਤਕ ਹੋਣਗੇ

| | | |
|---|---|---|
| ੨੧-੧੧-੮੮ | ਸਵੇਰੇ ੩ ਤੋਂ ੫ ਆਸਾ ਦੀ ਵਾਰ ਉਪਰੰਤ ਅਖੰਡਪਾਠ ਅਰੰਭ | ਲਾਇਲਪੁਰ ਖਾ: ਹਾ: ਸੈ: ਸਕੂਲ |
| | ਸ਼ਾਮ ੬-੩੦ ਤੋਂ ੯ ਸੋਦਰ ਤੇ ਕੀਰਤਨ | ਗੁ: ਸ੍ਰੀ ਗੁਰੂ ਸਿੰਘ ਸਭਾ ਅਜੀਤ ਨਗਰ, ਨੇੜੇ ਅੰਬੇਦਕਰ ਚੌਕ |
| ੨੨-੧੧-੮੮ | ਸਵੇਰੇ ੬ ਤੋਂ ੧੧ ਕੀਰਤਨ ਆਸਾ ਦੀ ਵਾਰ | ,, ,, ,, ,, |
| | ਸ਼ਾਮ ੬-੩੦ ਤੋਂ ੯ ਸੋਦਰ ਤੇ ਕੀਰਤਨ | ਲਾਇਲਪੁਰ ਖਾ: ਹਾ: ਸੈ: ਸਕੂਲ |

੨੩-੧੧-੮੮ ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ਉਪ੍ਰੰਤ ਕੀਰਤਨ ਦੁਪਹਿਰ ਤਕ, ਸ਼ਾਮ ੫ ਵਜੇ ਅੰਮ੍ਰਿਤ ਸਿੰਚਾਰ ਸਮਾਗਮ, ਰਾਤ ੭ ਵਜੇ ਰੈਣ ਸਬਾਈ ਕੀਰਤਨ ਅਰੰਭ । ੨੪ ਨਵੰਬਰ ਸਵੇਰੇ ੬ ਵਜੇ ਸਮਾਪਤੀ ਲਾਇਲਪੁਰ ਖਾ: ਸਕੂਲ ਵਿਖੇ ।

ਨੋਟ—ਰਿਹਾਇਸ਼ ਤੇ ਲੰਗਰ ਖਾ: ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ ਵਿਖੇ । ਬਿਸਤਰੇ ਲੋੜ ਮੂਜਬ ਨਾਲ ਲਿਆਓ ਜੀ ।

ਦਾਸਰੇ—ਅਖੰਡ ਕੀਰਤਨੀ ਜਥਾ, ਜਲੰਧਰ

## ਜੈਪੁਰ (ਰਾਜਿਸਥਾਨ) ਵਿਖੇ ਕੀਰਤਨ ਸਮਾਗਮ

ਸਾਰੇ ਪ੍ਰੋਗਰਾਮ ੧੧ ਨਵੰਬਰ ਸ਼ੁਕਰਵਾਰ ਤੋਂ ੧੩ ਨਵੰਬਰ ਐਤਵਾਰ ਸਵੇਰ ਤਕ ਗੁਰਦਵਾਰਾ ਸਾਹਿਬ ਸਿਖ ਸੰਗਤ ਸਿੰਧੀ ਕਾਲੋਨੀ, ਆਦਰਸ਼ ਨਗਰ, ਜੈਪੁਰ ਵਿਖੇ ਹੋਣਗੇ । ਦਾਸਰੇ—ਅਖੰਡ ਕੀਰਤਨੀ ਜਥਾ ਜੈਪੁਰ (ਗੁਰਦਵਾਰਾ ਫ਼ੋਨ 49948)

## ਕਾਨ੍ਹਪੁਰ ਵਿਖੇ ਭਾਈ ਗੁਰਚਰਨਜੀਤ ਸਿੰਘ ਸ਼ਹੀਦ ਨਮਿਤ ਸਮਾਗਮ

13-11-88 ਐਤਵਾਰ ਸਵੇਰੇ ਅਖੰਡਪਾਠ ਦੀ ਸਮਾਪਤੀ ਉਪਰੰਤ 6 ਤੋਂ 10 ਵਜੇ ਤਕ ਅਖੰਡ ਕੀਰਤਨ, ਸ਼ਹੀਦ ਦੇ ਨਿਵਾਸ ਅਸਥਾਨ 201-ਸ਼ੰਕਰ ਨਗਰ (HAL ਟਾਊਨਸ਼ਿਪ ਦੇ ਸਾਹਮਣੇ) ਕਾਨ੍ਹਪੁਰ ਵਿਖੇ ਹੋਣਗੇ ।

**1470/43-ਬੀ ਚੰਡੀਗੜ੍ਹ ਵਿਖੇ ਹਰ ਬੁਧਵਾਰ ਸ਼ਾਮ 7 ਤੋਂ 8 ਕੀਰਤਨ ਵਿਚ ਆਇ ਜੁੜੋ ਜੀ ।**

**ਪਿੰਡ ਖਟੜਾਂ (ਲੁਧਿਆਣਾ) ਭਾ: ਸੁਰਿੰਦਰ ਸਿੰਘ ਦੇ ਗ੍ਰਿਹਿ ਰੈਣ ਸਬਾਈ ਕੀਰਤਨ 19.11.88**

## ਭਾ: ਸ: ਭਾਈ ਰਣਧੀਰ ਸਿੰਘ ਸਕਾਲਰਸ਼ਿਪ (ਨਿਤਨੇਮ) ਸਕੀਮ

ਇਸ ਸਕੀਮ ਅਧੀਨ ਸਕੂਲਾਂ ਕਾਲਜਾਂ ਵਿਚ ਪੜ੍ਹ ਰਹੇ ਰਹਿਤਵਾਨ ਬੱਚੇ ਬੱਚੀਆਂ ਨੂੰ ਜੋ ਵਜ਼ੀਫ਼ੇ ਦਿਤੇ ਜਾਂਦੇ ਹਨ, ਉਸ ਦੀ ਪ੍ਰੀਖਿਆ ਦਿਲੀ ਦੁਸਹਿਰੇ ਸਮੇਂ ਕੀਰਤਨ ਸਮਾਗਮ ਦੀ ਥਾਂ ਐਤਕੀ ਜਲੰਧਰ ਨਿਰੰਕਾਰੀ ਪ੍ਰਕਾਸ਼ ਉਤਸ਼ਵ ਗੁਰਪੁਰਬ ਸਮੇਂ 22 ਨਵੰਬਰ ਮੰਗਲਵਾਰ ਨੂੰ ਹੋਵੇਗੀ । ਜਿਨ੍ਹਾਂ ਬੱਚਿਆਂ ਨੇ ਇਹ ਪ੍ਰੀਖਿਆ ਦੇਣੀ ਹੈ, ਉਹ ਲੁੜੀਂਦੇ ਫ਼ਾਰਮ ਭਾਈ ਬਲਬੀਰ ਸਿੰਘ ਜੀ, 23-ਜੀ, ਸਰਾਭਾ ਨਗਰ, ਲੁਧਿਆਣਾ ਤੋਂ ਮੰਗਵਾ ਕੇ, ਠੀਕ ਢੰਗ ਨਾਲ ਭਰ ਕੇ ਵਾਪਸ ਉਸੇ ਲੁਧਿਆਣੇ ਦੇ ਪਤੇ ਤੇ 15 ਨਵੰਬਰ ਤੋਂ ਪਹਿਲਾਂ ਪਹੁੰਚਾ ਦੇਣ । ਇਹ ਫ਼ਾਰਮ ਦਿਲੀ ਵਿਖੇ ਮਾਸਟਰ ਹਰਬੰਸ ਸਿੰਘ ਜੀ, ਨਵਯੁਗ ਪ੍ਰੈਸ ਚਾਂਦਨੀ ਚੌਕ ਤੋਂ ਅਤੇ ਅੰਮ੍ਰਿਤਸਰ ਵਿਖੇ 'ਸੂਰਾ' ਮਾਸਕ ਪੱਤਰ ਦੇ ਪਤੇ ਤੋਂ ਵੀ ਮਿਲ ਸਕਦੇ ਹਨ । ਖ਼ਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ), ਅਖੰਡ ਕੀਰਤਨੀ ਜਥਾ

**ਸੁਹਿਰਦ ਪਾਠਕਾਂ ਦਾ ਧੰਨਵਾਦ—** ਸਾਡੀ ਬੇਨਤੀ ਮੰਨ ਕੇ ਕਈ ਸੁਹਿਰਦ ਪਾਠਕਾਂ ਨੇ 'ਸੂਰਾ' ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ ਕਈ ਨਵੇਂ ਮੈਂਬਰਾਂ ਦੇ ਚੰਦੇ ਭਿਜਵਾਏ ਹਨ । ਆਸ ਹੈ ਕਿ ਹੋਰ ਵੀਰ ਭੈਣਾਂ ਵੀ ਉਦਮ ਕਰ ਕੇ 'ਸੂਰਾ' ਦੇ ਨਵੇਂ ਮੈਂਬਰ ਬਣਾਉਣ ਵਿਚ ਸਹਾਈ ਹੋਣਗੇ ।

## ਮਨੀਆਰਡਰ ਤੇ ਬੈਂਕ ਡਰਾਫਟ ਆਦਿ ਭੇਜਣ ਦਾ ਪਤਾ

**Sura Monthly, Bazar Mai Sewan, Amritsar**

www.AKJ.Org